# ਜੋਤੀ ਜੋਤ ਕੌਤਕ

## 22 ਸਤੰਬਰ 1539

## (ਕਰਤਾਰਪੁਰ ਦੇ ਕੌਤਕ – ਭਾਗ 9)

ਤੀਸਰ ਪੰਥ ਦੇ ਬਾਨੀ ਨੇ ਜੀਵਨ ਵਿੱਚ ਹਰ ਕੰਮ ਆਪਣੀ ਹੀ ਤਰਾਂ ਨਾਲ ਕੀਤਾ। ਗੰਗਾ ਜਾ, ਪਾਣੀ ਪੱਛਮ ਨੂੰ ਤਰੌਂਕਿਆ। ਮੱਕੇ ਪਹੁੰਚ, ਸਿਜਦਾ ਪੁੱਠੇ ਪਾਸੇ ਕਰ ਦਿੱਤਾ। ਇਹ ਭਲਾ ਕਿਵੇਂ ਹੋ ਸਕਦਾ ਸੀ ਨਿਰੰਕਾਰ ਨਾਲ ਇੱਕ ਮਿੱਕ ਨਾਨਕ, ਜੋਤੀ ਜੋਤ ਸਮਾਉਣ ਵੇਲੇ ਹਿੰਦੂ ਜਾਂ ਮੁਸਲਮਾਨੀ ਰਸਮ ਦੀ ਇਜਾਜਤ ਦਿੰਦਾ।

ਸੋ ਚਲਾਣੇ ਵੇਲੇ ਬਾਬੇ ਨੇ ਫਿਰ ਅਲੌਕਿਕ ਕੌਤਕ ਕਰ ਦਿੱਤਾ। ਆਪਣਾ ਚੇਤੰਨ ਅਤੇ ਭੌਤਿਕ ਸਰੀਰ ਸਿੱਧਾ ਹੀ ਬ੍ਰਹਮੰਡ ਦੇ ਮਾਲਕ 'ਚ ਜ਼ਜ਼ਬ ਕਰ ਦਿੱਤਾ ਸੀ। ਜੀ ਹਾਂ ਇਤਹਾਸਿਕ ਗ੍ਰੰਥ ਤੇ ਪ੍ਰੰਪਰਾ ਇਹੋ ਦੱਸਦੀ ਹੈ।

ਗੈਰ-ਸ਼ਰਧਾਵਾਨ ਤੇ ਨਾਸਤਕ ਲੋਕ ਇਸ ਘਟਨਾ ਨੂੰ ਸ਼ੱਕ ਦੀ ਨਿਗਾਹ ਨਾਲ ਤੱਕ ਸਕਦੇ ਹਨ। ਹੇਠਾਂ, ਭਾਵ ਫੁੱਟ ਨੋਟ ਤੇ ਅਸਾਂ ਵਿਗਿਆਨਕ ਪੱਖੋ ਇਸ ਕੌਤਕ ਦੀ ਸੰਭਾਵਨਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਹਾਂ, ਮੰਨਣਾ ਜਾਂ ਨਾਂ ਮੰਨਣਾ ਹਰ ਵਿਅੱਕਤੀ ਦਾ ਆਪਣਾ ਹੱਕ ਹੁੰਦਾ ਹੈ।*

ਪੈੜ ਸਫਾ

### *ਗੁਰਮਤ ਮੁਤਾਬਿਕ ਚਲਾਣੇ ਦੇ ਮਤਲਬ

ਗੁਰਮਤ ਅਨੁਸਾਰ ਚਲਾਣੇ ਦਾ ਮਤਲਬ ਹੈ ਕਿ ਜਿਥੋਂ ਇਨਸਾਨ ਆਇਆ ਹੈ ਵਾਪਸ ਉਸ ਅਵਸਥਾ ਵਿੱਚ ਪਹੁੰਚਣਾ। ਗੁਰਮਤ ਅਨੁਸਾਰ ਜੀਵਤ ਜੀਵ ਮੁੱਖ ਤੌਰ ਤੇ ਦੋ ਚੀਜ਼ਾਂ ਦਾ ਬਣਿਆ ਹੁੰਦਾ ਹੈ।

(ੳ). ਅਦਿੱਖ ਤੱਤ ਜੋ ਅਕਾਲ ਪੁਰਖ ਦਾ ਸਿੱਧਾ ਅੰਸ਼ ਹੁੰਦਾ ਹੈ ਜਿਸ ਕਰਕੇ ਜੀਵ ਚੇਤਨ ਹੁੰਦਾ ਹੈ। ਹਿੰਦੂ ਇਨੂੰ ਆਤਮਾ ਕਹਿ ਲੈਂਦੇ ਹਨ, ਈਸਾਈ ਅਤੇ ਮੁਸਲਮਾਨ ਇਨੂੰ ਸਪਿਰਿਟ ਕਹਿੰਦੇ ਹਨ। ਅਸਲ ਜੀਵ ਇਹੋ ਹੁੰਦਾ ਹੈ ਸਰੀਰ ਤਾਂ ਉਸ ਦੀ ਗੱਡੀ ਹੁੰਦੀ ਹੈ, ਉਨੂੰ ਇਧਰ ਉਧਰ ਲਿਜਾਣ ਅਤੇ ਕੰਮ ਧੰਦੇ ਕਰਨ ਲਈ। ਸਰੀਰ ਦੇ ਰਾਂਹੀ ਹੀ ਇਹ ਜੋਤ ਬੋਲ ਸੁਣ ਸਕਦੀ ਹੈ।

(ਅ). ਨਿਸਚਿਤ ਅਕਾਰ ਦਾ ਭੌਤਿਕ ਸਰੀਰ ਜਿਸ ਵਿੱਚ ਮਾਸ ਹੱਡੀਆਂ ਖ਼ੂਨ, ਦਿਮਾਗੀ ਮਾਦਾ (ਨਰਵ ਸੈਲਜ਼) ਆਦਿ ਕਲ ਪੁਰਜੇ ਹੁੰਦੇ ਹਨ।

ਸਿੱਧੇ ਲਫਜਾਂ ਵਿੱਚ ਜੀਅ ਅਤੇ ਜੋਤ ਦੀ ਮਿਸਾਲ ਸ਼ਾਇਦ ਆਪਾਂ ਬਿਜਲੀ ਦੇ ਪੱਖੇ ਤੋਂ ਦੇ ਸਕਦੇ ਹਾਂ। (ਅ). ਬਿਜਲੀ ਦੀ ਮੋਟਰ ਅਤੇ (ੳ). ਕਰੰਟ।

(ਅ). ਗੁਰਮਤ ਅਨੁਸਾਰ ਜਿੰਨਾਂ ਜੀਵਾਂ ਤੇ ਨਿਰੰਕਾਰ ਅਕਾਲਪੁਰਖ ਦੀ ਬਖਸ਼ਸ਼ ਹੁੰਦੀ ਹੈ ਓਨਾਂ ਦਾ (ਅ). ਅਦਿੱਖ ਤੱਤ ਤੁਰੰਤ ਸਾਰੇ ਬ੍ਰਿਹਮੰਡ ਦੇ ਮਾਲਕ ਨਿਰੰਕਾਰ ਵਿੱਚ ਅਭੇਦ ਹੋ ਜਾਂਦਾ ਹੈ। ਬਾਕੀ ਜੀਵਾਂ ਦਾ ਉਹ ਤੱਤ ਤੁਰੰਤ ਕਿਸੇ ਹੋਰ ਨਵੇਂ ਬਣ ਰਹੇ ਸਰੀਰ ਵਿੱਚ ਪ੍ਰਵੇਸ਼ ਕਰਕੇ ਉਸ ਭੌਤਿਕ ਸਰੀਰ ਦਾ ਮਾਲਕ ਬਣ ਜਾਂਦਾ ਹੈ।

(ੳ). ਮੌਤ ਬਾਦ ਫਿਰ ਭੌਤਿਕ ਸਰੀਰ ਜੋ ਦਿੱਸ ਰਿਹਾ ਹੈ ਉਸ ਨੇ ਵਾਪਸ ਓਨਾਂ ਹੀ ਤੱਤਾਂ ਵਿੱਚ ਸ਼ਾਮਲ ਹੋ ਜਾਣਾ ਹੁੰਦਾ ਹੈ ਜਿੰਨਾਂ ਤੋਂ ਸਰੀਰ ਦਾ ਨਿਰਮਾਣ ਹੋਇਆ ਸੀ ਭਾਵ ਆਕਸੀਜਨ (65%), ਕਾਰਬਨ (18.5%), ਹਾਈਡਰੋਜਨ (9.5%), ਨਾਈਟਰੋਜਨ (3.2%), ਕੈਲਸ਼ੀਅਮ (1.5%), ਫਾਸਫੋਰਸ (1%) ਪੋਟਾਸ਼ੀਅਮ (0.4%), ਸਲਫਰ (0.3%) ਸੋਡੀਅਮ (0.2%), ਕਲੋਰੀਨ (0.2%) ਮੈਗਨੇਸ਼ੀਅਮ (0.2%) ਅਤੇ ਹੋਰ ਮਾਮੂਲੀ ਮਿਕਦਾਰ ਵਿੱਚ ਤਾਂਬਾ, ਜਿਸਤ, ਲੋਹਾ ਜਿਹੇ ਤੱਤ।

ਪੁਰਾਤਨ ਹਿੰਦੂ ਵਿਦਵਾਨ ਵੀ ਮੰਨਦੇ ਆਏ ਹਨ ਕਿ ਅੰਤ ਵਿੱਚ ਸਰੀਰ ਓਨਾਂ ਹੀ ਤੱਤਾਂ ਵਿੱਚ ਸਮਿਲਤ ਹੁੰਦਾ ਹੈ ਜਿੰਨਾਂ ਤੋਂ ਬਣਿਆ ਸੀ। ਕਿਉਕਿ ਹਿੰਦੂ ਵਿਦਵਾਨ ਪਦਾਰਥ ਨੂੰ ਓਨੀ ਬਰੀਕੀ ਵਿੱਚ ਤੋੜ ਨਹੀ ਸਨ ਪਾਏ ਜਿੰਨੀ ਬਰੀਕੀ ਵਿੱਚ ਅੱਜ ਪੱਛਮੀ ਰਸਾਇਣ ਵਿਗਿਆਨੀਆਂ ਨੇ ਤੋੜਿਆ ਇਸ ਕਰਕੇ ਹਿੰਦੂ ਮੋਟੇ ਤੌਰ ਤੇ ਹੇਠੇ ਪੰਜ ਤੱਤ ਮੰਨਦੇ ਆਏ ਹਨ:- 1. ਹਵਾ (ਬਾਦ), 2. ਅੱਗ (ਆਤਿਸ਼), 3.ਪਾਣੀ (ਆਬ), 4. ਮਿੱਟੀ (ਖਾਕ) ਤੇ 5. ਅਕਾਸ਼ (ਅਸਮਾਨ)। ਮਤਲਬ ਇਸ ਦਾ ਵੀ ਇਹੋ ਹੋ ਜਾਂਦਾ ਹੈ ਕਿਉਕਿ ਜਦੋਂ ਤੁਸੀ ਪਾਣੀ ਨੂੰ ਤੋੜੋਗੇ ਤਾਂ ਆਕਸੀਜਨ ਤੇ ਹਾਈਡਰੋਜਨ ਨਿਕਲਨ। ਅੱਗ ਰਸਾਇਣਕ ਕ੍ਰਿਆ ਹੈ। ਹਵਾ ਦੇ ਤੱਤ ਆਪਾਂ ਜਾਣਦੇ ਹੀ ਹਾਂ; ਨਾਈਟਰੋਜਨ, ਆਕਸੀਜਨ, ਕਾਰਬਨ ਆਦਿ। ਮਿੱਟੀ ਦੇ ਤੱਤ ਵੀ ਜਾਣਦੇ ਹਾਂ ਓਹੀ ਕਾਰਬਨ, ਕੈਲਸ਼ੀਅਮ, ਫਾਸਫੋਰਸ ਆਦਿ।

ਸੋ ਭੌਤਿਕ ਸਰੀਰ ਨੇ ਅਖੀਰ ਤੇ ਓਨਾਂ ਹੀ ਤੱਤਾਂ ਵਿੱਚ ਸ਼ਾਮਲ ਹੋਣਾਂ ਹੁੰਦਾ ਹੈ ਜਿੰਨਾਂ ਤੋਂ ਬਣਿਆ ਸੀ।

### ਅੰਤਮ ਸਸਕਾਰ ਦੇ ਵੱਖ ਵੱਖ ਤਰੀਕੇ

ਸਰੀਰ ਨੂੰ ਨਸ਼ਟ ਕਰਨ ਲਈ ਵੱਖ ਵੱਖ ਫਿਰਕਿਆ ਦੇ ਵੱਖ ਵੱਖ ਤਰੀਕੇ ਹਨ। 1. ਬਹੁਤੇ ਤਾਂ ਸਰੀਰ ਨੂੰ ਜਮੀਨ ਵਿੱਚ ਦਬਾ ਦਿੰਦੇ ਹਨ। ਅਜਿਹਾ ਕਰਨ ਤੇ ਫਿਰ ਸਰੀਰ ਵਿੱਚ ਕੀੜੇ ਚਲਦੇ ਹਨ ਜੋ ਹੱਡੀਆਂ ਨੂੰ ਛੱਡ ਬਾਕੀ ਸਭ ਖਾ ਜਾਂਦੇ ਹਨ ਤੇ ਫਿਰ ਓਹ ਕੀੜੇ ਓਥੇ ਹੀ ਸਮਾ ਜਾਂਦੇ ਹਨ। ਜਦੋਂ ਸਮਾਉਦੇ ਹਨ ਓਨਾਂ ਦਾ ਸਰੀਰਕ ਪਾਣੀ ਜਮੀਨ ਨੂੰ ਨਮੀ ਦੇ ਜਾਂਦਾ ਹੈ ਤੇ ਬਾਕੀ ਓਹੀ ਤੱਤ ਰਹਿ ਜਾਂਦੇ ਹਨ ਭਾਵ ਕਾਰਬਨ, ਕੈਲਸ਼ੀਅਮ ਵਗੈਰਾ ਜੋ ਮਿੱਟੀ ਦਾ ਹਿੱਸਾ ਬਣ ਜਾਦੇ ਹਨ। 2. ਕੁਝ ਲੋਕ ਸਰੀਰ ਨੂੰ ਸਾੜਦੇ ਹਨ ਜੋ ਤੇਜ ਰਸਾਇਣਕ ਕ੍ਰਿਆ ਹੈ ਜਿਸ ਨਾਲ ਸਰੀਰ ਦਾ ਪਾਣੀ ਤੁਰੰਤ ਭਾਫ ਜਾਂ ਫਿਰ ਆਕਸੀਜਨ ਤੇ ਹਾਈ ਡਰੋਜਨ ਵਿੱਚ ਤਬਦੀਲ ਹੋ ਜਾਂਦਾ ਹੈ। ਕਾਰਬਨ ਦੇ ਵੱਖ ਵੱਖ ਕੰਮਪਾਊਂਡ ਫਿਰ ਟੁੱਟ ਕੇ ਕੁਝ ਹਵਾ ਵਿੱਚ ਜਾ ਮਿਲਦੇ ਹਨ ਤੇ ਕੈਲਸ਼ੀਅਮ ਫਾਸਫੋਰਸ ਜਿਹੇ ਸਵਾਹ ਦਾ ਭਾਗ ਬਣ ਜਾਂਦੇ ਹਨ। 3. ਕੁਝ ਫਿਰਕੇ ਸਰੀਰ ਨੂੰ ਦਰਿਆ ਜਾਂ ਸਮੁੰਦਰ ਵਿੱਚ ਵਹਾ ਦਿੰਦੇ ਹਨ ਜੋ ਪਾਣੀ ਦੇ ਜੰਤੂਆ ਦਾ ਖਾਣਾ ਬਣ ਜਾਂਦੇ ਹਨ। 4. ਜਾਂ ਫਿਰ ਕੁਦਰਤੀ ਤੌਰ ਤੇ ਸਰੀਰ ਨਸ਼ਟ ਹੁੰਦਾ ਹੈ ਤਾਂ ਉਸ ਨੂੰ ਜਾਨਵਰ ਜਿੰਨਾਂ ਵਿੱਚ ਬਹੁਤ ਬਰੀਕ (ਮਾਈਕਰੋਸਕੋਪਿਕ) ਆਦਿ ਖਾ ਜਾਂਦੇ ਹਨ। ਜਦੋਂ ਕੋਈ ਜੀਵ ਦੂਸਰੇ ਨੂੰ ਖਾਂਦਾ ਹੈ ਤਾਂ ਪਾਚਣ ਨਾਲੀ ਵਿੱਚ ਪਹੁੰਚ ਖ਼ੁਰਾਕ ਬਰੀਕ ਤੱਤਾਂ ਵਿੱਚ ਟੁੱਟ ਜਾਦੀ ਹੈ ਜਿਸ ਨੂੰ ਫਿਰ ਖਾਣ ਵਾਲਾ ਜੀਵ ਖ਼ੁਰਾਕ ਦੇ ਤੌਰ ਤੇ ਵਰਤਦਾ ਹੈ।

ਸੋ ਕਹਿਣ ਤੋਂ ਮਤਲਬ ਮੌਤ ਤੋਂ ਬਾਦ ਸਰੀਰ ਨੇ ਓਥੇ ਹੀ ਜਾਣਾ ਹੁੰਦਾ ਹੈ ਜਿਥੋਂ ਆਇਆ ਸੀ।

ਸੋ ਸਰੀਰ ਦਾ ਨਾਸ ਹੋਣਾ ਰਸਾਇਣਕ ਕ੍ਰਿਆ ਹੈ ਭਾਵ ਇੱਕ ਕੰਮਪਾਓਡ ਜਾਂ ਮਿਸ਼ਰਣ ਤੋਂ ਦੂਸਰੀ ਅਵਸਥਾ ਵਿੱਚ ਜਾਣਾ ਜਾਂ ਮੁੱਢਲੇ ਤੱਤਾਂ ਵਿੱਚ ਤਬਦੀਲ ਹੋ ਜਾਂਣਾ। ਇਸ ਦਾ ਮੁੱਖ ਤਰੀਕਾ ਅੱਗ ਹੀ ਹੈ ਚਾਹੇ ਸਰੀਰ ਨੂੰ ਸਿੱਧਾ ਅੱਗ ਵਿੱਚ ਬਾਲ ਦਿੱਤਾ ਜਾਵੇ ਜਾਂ ਕਿਸੇ ਦੂਸਰੇ ਜੀਵ ਦੀ ਪਾਚਣ ਪ੍ਰਣਾਲੀ ਦੀ ਤੇਜਾਬੀ ਅੱਗ ਰਾਂਹੀ ਤੱਤਾਂ ਜਾਂ ਸਿੱਧੇ ਕੰਮਪਾਊਡ ਵਿੱਚ ਤਬਦੀਲ ਹੋਵੇ।

ਪਰ ਮੂਲ ਵਿੱਚ ਸਾਰੇ ਤੱਤਾਂ ਦੀ ਰਚਨਾ ਇਕੋ ਜਿਹੀ ਹੈ। ਭਾਵ ਹਾਈਡਰੋਜਨ ਅਤੇ ਸੋਨੇ ਵਿੱਚ ਫਰਕ ਇਨਾਂ ਦੇ ਪ੍ਰੋਟੋਨ ਅਤੇ ਇਲੈਕਟ੍ਰੋਨ ਦੀ ਗਿਣਤੀ ਦਾ ਹੈ ਜਿਨੂੰ ਆਪਾਂ ਅਟਾਮਿਕ ਵੇਟ ਕਹਿੰਦੇ ਹਾਂ। ਇਸਦਾ ਮਤਲਬ ਇਹ ਹੈ ਕਿ ਸਾਰੇ ਤੱਤਾਂ ਦਾ ਮੂਲ ਇੱਕ ਹੀ ਹੈ। ਭਾਵ ਸਇੰਸ ਮੰਨਦੀ ਹੈ ਕਿ ਇੱਕ ਤੱਤ ਤੋਂ ਦੂਸਰਾ ਤੱਤ ਬਣ ਸਕਦਾ ਹੈ। ਇਹਦਾ ਉਦਾਹਰਣ ਨਿਊਕਲੀਅਰ ਟਰਾਂਸਮਿਊਟੇਸ਼ਨ ਹੈ। ਜਿਸ ਤੋਂ ਫਿਰ ਐਟਮ ਬੰਬ ਵੀ ਸੰਭਵ ਹੋ ਸਕਿਆ ਸੀ।

ਕਹਿਣ ਤੋਂ ਮਤਲਬ ਮੂਲ ਵਿੱਚ ਇੱਕ ਹੀ ਤੱਤ ਹੈ ਉਹਦਾ ਨਾਂ ਅੱਜ ਦੇ ਸਇੰਸਦਾਨਾਂ ਗਾਡ ਪਾਰਟੀਕਲ ਰੱਖਿਆ ਹੈ।

ਕੀ ਅੱਗ ਹੀ ਰਸਾਇਣਕ ਕ੍ਰਿਆ ਦਾ ਇਕੋ ਇੱਕ ਜਰੀਆ ਹੈ? ਨਹੀ। ਮਿਸਾਲ ਦੇ ਤੌਰ ਤੇ ਲੋਹੇ ਨੂੰ ਗਾਲਣ ਲਈ ਆਕਸੀਜਨ ਤੇ ਨਮੀ ਦੀ ਜਰੂਰਤ ਹੁੰਦੀ ਹੈ। ਦੁੱਧ ਦਾ ਫੁੱਟਣਾ ਵੀ ਰਸਾਇਣਕ ਕ੍ਰਿਆ ਹੈ ਇਸ ਵਿੱਚ ਅੱਗ ਦੀ ਜਰੂਰਤ ਨਹੀ ਪੈਂਦੀ। ਫਲ ਫਰੂਟ ਦਾ ਸੜ੍ਹਨਾ ਵੀ ਬਿਨਾਂ ਅੱਗ ਦੇ ਹੁੰਦਾ ਹੈ। ਏਸਡ ਤੇ ਅਲਕਲੀ ਦੇ ਰਿਐਕਸ਼ਨ ਮੌਕੇ ਵੀ ਅੱਗ ਦੀ ਜਰੂਰਤ ਨਹੀ ਹੁੰਦੀ। ਪਰ ਇਨਾਂ ਕ੍ਰਿਆਵਾਂ ਦੇ ਦੌਰਾਨ ਤਾਪਮਾਨ ਜਰੂਰ ਵਧਦਾ ਹੈ। ਭਾਵ ਐਨਰਜੀ ਵੀ ਪੈਦਾ ਹੁੰਦੀ ਹੈ। ਸਵਾਲ ਉਠਦਾ ਹੈ ਇਹ ਐਨਰਜੀ ਭਾਵ ਤਾਕਤ ਕਿਥੋਂ ਆ ਗਈ? ਜਵਾਬ ਰਸਾਇਣਕ ਕ੍ਰਿਆ ਤੋਂ ਕਿਉਕਿ ਕੁਝ ਪਾਰਟੀਕਲ ਤਬਾਹ ਹੋ ਜਾਂਦੇ ਹਨ।

ਸਿਰਫ ਏਨਾ ਹੀ ਨਹੀ ਸਇੰਸਦਾਨ ਅਲਬਰਟ ਆਈਨਸਟਾਈਨ ਨੇ ਸਾਬਤ ਕੀਤਾ ਹੈ ਕਿ ਇੱਕ ਅਵਸਥਾ ਤੇ ਮੈਟਰ (ਪਦਾਰਥ) ਤਾਕਤ (ਅਨਰਜੀ) ਵਿੱਚ ਬਦਲ ਜਾਂਦਾ ਹੈ। ਭਾਵ ਪਦਾਰਥ ਖਤਮ ਹੀ ਹੋ ਜਾਂਦਾ ਹੈ।

E=mc2

ਇਹ ਲੰਮੀ ਕਥਾ ਦੱਸਣ ਤੇ ਬਸ ਸਾਡਾ ਇੰਨਾ ਹੀ ਪੈੜ ਅਗਲੇ ਸਫੇ ਤੇ **ਚਲਦਾ** ➡

## ਮਖਦੂਮ ਬਹਾਵਦੀ ਦਾ ਚਲਾਣਾ●

ਸੰਮਤ 1595-6 ਦੀ ਗਲ ਹੈ। ਮੁਲਤਾਨ ਦੇ ਪੀਰ ਮਖਦੂਮ ਬਹਾਵਦੀ⊙ਨੇ ਇੱਕ ਬੰਦੇ ਹੱਥ ਗੁਰੂ ਨਾਨਕ ਵਲ ਰੁੱਕਾ ਘੱਲਿਆ ਜਿਸ ਵਿੱਚ ਲਿਖਿਆ ਸੀ:

'ਜੋ ਅਸਾਂ ਲਦਣ ਲਦਿਆ ਅਸਾਡੀ ਕਰ ਕਾਇ॥ '

ਨਾਲ ਹੀ ਕਾਸਦ ਨੂੰ ਕਹਿ ਭੇਜਿਆ ਕਿ ਜਿੰਨਾਂ ਚਿਰ ਗੁਰੂ ਨਾਨਕ ਆਪ ਰੁੱਕਾ ਨਾਂ ਮੰਗੇ, ਦੇਣਾ ਨਹੀ।

ਉਹ ਹਰਕਾਰਾ ਰੁੱਕਾ ਲੈ ਆ ਕਰਤਾਰਪੁਰ ਪਹੁੰਚਿਆ ਤੇ ਬਾਹਰ ਬਾਗ ਵਿੱਚ ਹੀ ਉਤਾਰਾ ਕਰ ਲਿਆ। ਗੁਰੂ ਸਾਹਿਬ ਨੇ ਇੱਕ ਗੁਰਸਿੱਖ ਨੂੰ ਬਾਗ ਵਿੱਚ ਘੱਲਿਆ ਕਿ ਜਾ ਮੁਲਤਾਨ ਤੋਂ ਬੰਦਾ ਆਇਆ ਹੈ ਉਨੂੰ ਦਰਬਾਰ ਵਿੱਚ ਲੈ ਕੇ ਆਓ। ਸੇਵਾਦਾਰ ਗਇਆ ਤੇ ਜਾ ਕੇ ਹਰਕਾਰੇ ਨੂੰ ਲੈ ਆਇਆ। ਲੰਗਰ ਪਾਣੀ ਛਕਾਉਣ ਤੋਂ ਬਾਦ ਗੁਰੂ ਸਾਹਿਬ ਦੇ ਪੇਸ਼ ਕੀਤਾ ਗਿਆ। ਗੁਰੂ ਜੀ ਨੇ ਹਰਕਾਰੇ ਨੂੰ ਕਿਹਾ ਕਿ ਭਾਈ ਉਹ ਰੁੱਕਾ ਦਿਓ ਜਿਹੜਾ ਮਖਦੂਮ ਨੇ ਸਾਡੇ ਵਲ ਭੇਜਿਆ ਹੈ। ਜਾਣੀ ਜਾਣ ਗੁਰੂ ਦਾ ਹੁਕਮ ਸੁਣ ਕੇ ਹਰਕਾਰਾ ਗੁਦ ਗਦ ਹੋ ਉਠਿਆ ਤੇ ਗੁਰੂ ਸਾਹਿਬ ਦੇ ਚਰਨਾਂ ਤੇ ਸੀਸ ਰੱਖਾ ਤੇ ਰੁੱਕਾ ਗੁਰੂ ਸਾਹਿਬ ਦੇ ਪੇਸ਼ ਕਰਾ।

ਗੁਰੂ ਸਾਹਿਬ ਨੇ ਉਹ ਰੁੱਕਾ ਵੇਖਦਿਆਂ ਹੀ ਤੁਰੰਤ ਓਸੇ ਦੇ ਥੱਲੇ ਲਿਖਾ:-

**ਜੋ ਭਰਿਆ ਸੋ ਲਦਸੀ ਸਭਨਾਂ ਹੁਕਮੁ ਰਜਾਇ॥**
**ਨਾਨਕ ਤੇ ਮੁਖ ਉਜਲੈ ਚਲੇ ਹਕੁ ਕਮਾਇ॥**

ਮਤਲਬ ਕਿ ਪੀਰ ਜੀ ਜੋ ਇਸ ਜਹਾਨ ਤੇ ਆਇਆ ਹੈ ਉਹ ਇੱਕ ਦਿਨ ਜਾਏਗਾ ਹੀ ਜਾਏਗਾ ਤੇ ਨਾਲ ਹੀ ਪੀਰ ਨੂੰ ਭਰੋਸਾ ਦੇ ਦਿੱਤਾ ਕਿ ਤੂੰ ਉੱਜਲ ਮੁਖੜੇ ਨਾਲ ਰੱਬ ਦੀ ਦਰਗਾਹ ਵਿੱਚ ਦਾਖਲਾ ਪਾਵੇਂਗਾ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਰੁੱਕੇ ਥੱਲੇ ਇਹ ਵੀ ਲਿਖਾ ਸੀ; "ਤੁਸੀ ਚਲਹੁ, ਅਸੀ ਆਵਹਂਗੇ ਚਾਲੀਹ ਦਿਨਿ ਪਿਛੈ।" ਮਤਲਬ ਕਿ ਸਾਡਾ ਚਲਾਣਾ ਤੁਹਾਡੇ ਤੋਂ 40 ਦਿਨ ਬਾਦ ਹੋਵੇਗਾ।

ਇਸ ਤੋਂ ਬਾਦ ਗੁਰੂ ਸਾਹਿਬ ਨੇ ਵਜੰਤਰੀਆਂ ਦੀ ਸੰਗਤ ਵਿੱਚ ਦੀਵਾਨ ਵਿੱਚ ਸ਼ਬਦ ਲਾਇਆ:-

**ਸਿਰੀਰਾਗੁ ਮਹਲਾ ੧ ਘਰੁ ੨ ॥ ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥ ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥ ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥**

---

ਪੈੜ ਸਰ੍ਹਾ

ਮਕਸਦ ਸੀ ਕਿ ਪਦਾਰਥ ਨਸ਼ਟ ਜਾਂ ਅਲੋਪ ਵੀ ਹੋ ਸਕਦਾ ਹੈ। ਜਿਹੜੇ ਨਾਸਤਕ ਇਨਸਾਨ ਚਮਤਕਾਰ ਨੂੰ ਨਹੀ ਮੰਨਦੇ ਇਹ ਉਹਨਾਂ ਵੀਰਾਂ ਭੈਣਾਂ ਲਈ ਹੈ ਕਿ ਪ੍ਰਕ੍ਰਿਤੀ ਵਿਚ ਪਦਾਰਥ ਆਮ ਹੀ ਅਲੋਪ ਹੁੰਦਾ ਰਹਿੰਦਾ ਹੈ।

ਧਿਆਨ ਰਹੇ ਸੀਮਿਤ ਬੁੱਧ ਵਾਲਾ ਨਾਸਤਕ ਇਹ ਤਾਂ ਮੰਨਦਾ ਹੈ ਕਿ ਪਦਾਰਥ ਆਪਣਾ ਰੂਪ ਬਦਲ ਸਕਦਾ ਹੈ। ਪਰ ਇਸ ਗਲ ਨੂੰ ਮੰਨਣ ਲਈ ਤਿਆਰ ਨਹੀ ਸੀ ਕਿ ਪਦਾਰਥ ਪੂਰੀ ਤਰਾਂ ਅਲੋਪ ਵੀ ਹੋ ਸਕਦਾ ਹੈ।

ਸੋ ਉਪਰ ਅਸਾਂ ਆਪਣੇ ਨਾਸਤਕ ਵੀਰਾਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਨਹੀ ਪਦਾਰਥ ਪੂਰੀ ਤਰਾਂ ਅਲੋਪ ਵੀ ਹੋ ਸਕਦਾ ਹੈ। ਪਦਾਰਥ ਐਨਰਜੀ ਵਿੱਚ ਵੀ ਤਬਦੀਲ ਹੋ ਸਕਦਾ ਹੈ। ਨਾਸਤਕ ਵੀਰਾਂ ਭੈਣਾਂ ਨੂੰ ਬੇਨਤੀ ਹੈ ਕਿ ਇਹ ਨਾਂ ਸੋਚੋ ਕਿ ਜਿਹੜੀ ਗਲ ਤੁਸੀ ਨਹੀ ਕਰ ਸਕਦੇ ਉਹ ਹੋ ਹੀ ਨਹੀ ਸਕਦੀ।

ਸਵਾਲ ਉਠਦਾ ਹੈ ਕਿ ਗੁਰੂ ਨਾਨਕ ਨੇ ਕਿਹੜੀ ਸਾਇੰਸ ਰਾਂਹੀ ਸਰੀਰ ਨੂੰ ਹੀ ਨਿਰੰਕਾਰ ਅਕਾਲਪੁਰਖ ਵਿੱਚ ਸਮਿਲਤ ਕਰ ਦਿੱਤਾ?

ਜਵਾਬ- ਓਸੇ ਸਇੰਸ ਰਾਂਹੀ ਜਿਸ ਕਰਕੇ ਗੁਰੂ ਸਾਹਿਬ ਨੇ ਅੱਜ ਤੋਂ 500 ਸਾਲ ਪਹਿਲਾਂ ਹੀ ਕਹਿਾ ਸੀ, "ਲਖ ਆਗਾਸਾ ਆਗਾਸ।" ਓਦੋਂ ਕਿਹਨੂੰ ਪਤਾ ਸੀ ਕਿ ਅਨੇਕਾਂ ਧਰਤੀਆਂ ਤੇ ਸੂਰਜ ਚੰਨ ਹੋ ਸਕਦੇ ਨੇ? ਗੁਰੂ ਨਾਨਕ ਨੂੰ ਕਿਵੇ ਪਤਾ ਲੱਗ ਗਿਆ? ਜਵਾਬ ਸਿੱਧਾ ਜਿਹਾ ਹੈ ਕਿਉਂਕਿ ਉਹ ਸ੍ਰਿਸ਼ਟੀ ਦੇ ਰਚਨਹਾਰ ਕਰਤਾਰ ਨਾਲ ਇੱਕ ਮਿਕ ਸਨ।

**ਸਮਾਧੀ ਰਾਂਹੀ ਮੌਤ–** ਬਾਕੀ ਜਿਥੋਂ ਤੱਕ ਸਵੈ ਇਛਾ ਮੌਤ ਦਾ ਸਬੰਧ ਹੈ ਉਹ ਤਾਂ ਭਾਰਤ ਵਿੱਚ ਸਾਧੂ ਲੋਕ ਅਕਸਰ ਹੀ ਕਰ ਲੈਂਦੇ ਹਨ। ਯੋਗੀਆਂ ਵਿੱਚ ਇਹ ਆਮ ਹੀ ਹੈ ਕਿ ਜੋਗੀ ਆਪਣੀ ਮੌਤ ਦਾ ਸਮਾਂ ਖੁੱਦ ਤਹਿ ਕਰਦਾ ਹੈ। ਅੱਜ ਇੰਟਰਨੈਟ ਤੇ ਇਹ ਸਵਾਲ ਜੇ ਤੁਸੀ ਪੁੱਛੋਗੇ ਤਾਂ ਤੁਹਾਨੂੰ ਸੈਂਕੜੇ ਮਿਸਾਲਾਂ ਮਿਲਣਗੀਆਂ ਕਿਵੇਂ ਪਹੁੰਚੀਆਂ ਹੋਈਆਂ ਰੂਹਾਂ ਆਪਣੀ ਮੌਤ ਦਾ ਸਮਾ ਆਪੇ ਹੀ ਤਹਿ ਕਰ ਲੈਂਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣਾ ਅੰਤਮ ਸਮਾਂ ਖੁਦ ਤਹਿ ਕੀਤਾ ਸੀ ਸੁਰਤ ੧ਓਂ ਨਾਲ ਇੱਕ ਮਿੱਕ ਕਰ ਲਈ ਸੀ।

ਬਨਾਰਸ ਦਾ ਤ੍ਰੈਲਾਂਗ ਸਵਾਮੀ ਪੁਲਿਸ ਲਈ ਮੁਸੀਬਤ ਸੀ। ਇਹ ਮਸਤ ਮੌਲਾ ਨੰਗ ਧੜੰਗਾ ਗਲੀਆਂ ਮੁਹੱਲਿਆਂ ਵਿੱਚ ਮਸਤੀ ਨਾਲ ਫਿਰਦਾ ਰਹਿੰਦਾ ਸੀ। ਕਈ ਵਾਰੀ ਪੁਲਿਸ ਇਸਨੂੰ ਗ੍ਰਿਫਤਾਰ ਕਰਕੇ ਕੈਦ ਕਰਦੀ ਤਾਂ ਇਹ ਮਸਤ ਮੌਲਾ ਜਦੋਂ ਜੀ ਕਰਦਾ ਕੈਦ ਵਿਚੋਂ ਬਾਹਰ ਆ ਜਾਂਦਾ। ਪੁਲਿਸ ਹੈਰਾਨ ਸੀ ਕਿ ਤਾਲਾਬੰਦ ਦਰਵਾਜਾ ਬਰਕਰਾਰ ਰਹਿੰਦਾ ਪਰ ਇਹ ਬਾਹਰ ਕਿਵੇ ਨਿਕਲ ਜਾਂਦਾ। ਇਸ ਅੱਗੇ ਪੁਲਿਸ ਹਾਰ ਗਈ ਕਿਉਂਕਿ ਕੋਈ ਕੰਧ ਇਨੂੰ ਲਗਾਤਾਰ ਕੈਦ ਨਹੀ ਸੀ ਰੱਖ ਸਕਦੀ। ਇਹ ਕਦੀ ਗੰਗਾ ਦੇ ਪ੍ਰਵਾਹ ਉਤੇ ਵੀ ਸਮਾਧੀ ਲਾਈ ਬੈਠਾ ਵੇਖਿਆ ਜਾਂਦਾ ਸੀ।

ਹੋਰ ਵੇਖੋ ਸਵਾਮੀ ਸਿਵਾਨੰਦ ਨੇ ਕਿਵੇ ਬੈਠੇ ਬੈਠੇ ਆਪਣੇ ਪ੍ਰਾਣ ਤਿਆਗੇ। ਇਹ ਮੰਨੀ ਹੋਈ ਗਲ ਹੈ ਕਿ ਜਦੋਂ ਬੰਦੇ ਦੀ ਜਾਨ ਨਿਕਲਦੀ ਹੈ ਉਹਦੇ ਹੱਥ ਬਾਹਵਾਂ ਲੱਤਾਂ ਸਭ ਸਿੱਧੇ ਹੋ ਜਾਂਦੇ ਨੇ। ਪਰ ਇਥੇ ਤਾਂ ਬੰਦਾ ਚੌਕੜੀ ਮਾਰੇ ਬੈਠਾ ਹੈ।(ਫੋਟੋਆਂ ਨੈਟ ਤੋਂ ਵੇਖ ਲਵੋ ਜੀ)

ਗੁਰਮਤ ਰਿੱਧੀਆਂ ਸਿਧੀਆਂ ਲਈ ਤੜਪ ਦੀ ਖੰਡਣਾ ਕਰਦੀ ਹੈ ਕਿਉਕਿ ਇਨਾਂ ਨਾਲ ਮਨੁੱਖੀ ਕਲਿਆਣ ਨਹੀ ਹੁੰਦਾ ਸਗੋ ਇਹ ਵੀ ਪਦਾਰਥਵਾਦੀ (ਮਾਇਕ) ਦੌੜ ਹੀ ਹੈ। ਪਰ ਇਹਦਾ ਮਤਲਬ ਇਹ ਨਹੀ ਕਿ ਇਹ ਸੰਭਵ ਨਹੀ ਹੁੰਦੀਆਂ। ਅੱਜ ਵੀ ਕਈ ਹਿੰਦੂ ਜੋਗੀ ਤਾਂਤਰਿਕ ਅਤੇ ਹੋਰ ਸਨਿਆਸੀ, ਬੋਧੀ, ਅਤੇ ਜੈਨੀ ਮਨ ਭੌਂਦੀਆਂ ਰਿੱਧੀਆਂ ਸਿੱਧੀਆਂ ਨੂੰ ਹਾਸਲ ਕਰਨਾਂ ਲਈ ਸਾਧਨਾ ਕਰਦੇ ਹਨ। ਮਿਸਾਲ ਦੇ ਤੌਰ ਤੇ ਇਕ ਤਾਂਤਰਿਕ ਯੋਗੀ ਧਰਿੰਦਰ ਬ੍ਰਹਮਚਾਰੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ ਫਿਰ ਇਹ ਯੋਗੀ ਇੰਦਰਾ ਗਾਂਧੀ ਦਾ ਵੀ ਨਜਦੀਕੀ ਬਣ ਗਇਆ। ਨਤੀਜਾ ਇਹ ਨਿਕਲਿਆ ਕਿ ਸੰਨਿਆਸੀ ਹੋਣ ਦੇ ਬਾਵਜੂਦ ਇਹ ਮਾਇਆ ਦੀ ਦੌੜ ਵਿਚ ਪੈ ਗਇਆ ਅਤੇ ਕਾਰਖਾਨੇ ਤਕ ਲਾ ਲਏ।

ਇਹੋ ਕਾਰਨ ਹਨ ਗੁਰਮਤ ਇਹਨਾਂ ਰਿੱਧੀਆਂ ਸਿੱਧੀਆਂ ਦੀ ਦੌੜ ਦਾ ਸਖਤ ਖੰਡਨ ਕਰਦੀ ਹੈ ਪਰ ਇਹਦਾ ਮਤਲਬ ਇਹ ਨਹੀ ਕਿ ਇਹ ਸੰਭਵ ਹੀ ਨਹੀ ਹੁੰਦੀਆਂ।

ਫਿਰ ਹੋਰ ਵੇਖੋ: ਇਸਲਾਮ ਤੇ ਈਸਾਈਮਤ ਵਿੱਚ ਉਪਰੀ ਬ੍ਰਿਹਮੰਡ ਵਲ ਪੈਗੰਬਰਾਂ ਦਾ ਜਾਣਾ ਲਿਖਿਆ ਹੈ। ਜਿਵੇ

1. ਯਿਸ਼ੂ ਮਸੀਹ ਦੇ ਪਵਿਤ੍ਰ ਸਰੀਰ ਦਾ ਸੂਲੀ ਚੜ੍ਹਾਏ ਜਾਣ ਬਾਦ ਅਖੀਰ ਤੇ ਅਲੋਪ ਹੋ ਜਾਣਾ।

2. ਹਜਰਤ ਮੁਹੰਮਦ ਸਾਹਿਬ ਦੀ ਸ਼ੱਬੇ ਮਿਰਾਜ ਵਾਲੀ ਕਹਾਣੀ ਜਿਸ ਤਹਿਤ ਉਹ ਖਿਆਲ ਦੀ ਗਤੀ ਨਾਲ ਅਸਮਾਨ ਵਿੱਚ ਉਡਦੇ ਨੇ।

https://www.quora.com/How-can-matter-be-converted-to-energy

● ਪੁਰਾਤਨ- 199

⊙ ਇਸ ਪੀਰ ਦਾ ਅਸਲ ਨਾਂ ਖੋਜ ਦਾ ਮਜਮੂਨ ਹੈ, ਕਿਉਕਿ ਜਨਮ ਸਾਖੀਆਂ ਵਾਲੇ ਅਸਲ ਨਾਂ ਨਹੀ ਦੇ ਸਕੇ। ਇਹ ਓਸੇ ਪੀਰ ਦੀ ਗਲ ਹੈ ਜੋ ਗੁਰੂ ਸਾਹਿਬ ਨਾਲ ਮੱਕੇ ਦੇ ਹੱਜ ਮੌਕੇ ਮੌਜੂਦ ਸੀ। ਇਹ ਮੁਲਤਾਨ ਦੇ ਪੀਰ ਬਹਾਉਦੀਨ ਜਕਰੀਆ (1170-1262 ਈ.) ਦਾ ਕੋਈ ਸਜਦਾ ਨਸ਼ੀਨ ਸੀ।

ਗੁਰੂ ਸਾਹਿਬ ਦੇ ਜਮਾਨੇ ਵਿਚ ਕੁਝ ਇਕ ਪੀਰਾਂ ਦੇ ਦਿਹਾਂਤ ਦੇ ਸਾਲ ਨੈਟ ਤੋਂ ਮਿਲਦੇ ਹਨ:

5. Sayed Abdul Qadir bin Sayed Murid Ghous Jilani. Died 940 AH, Uch Sharif, Punjab. 1533

6. Sayed Abdul Qadir Jilani, died 941 AH, Lahore. 1534

7. Sayed Abdur Razzak Jilani, died 941 AH, Uch Sharif, Punjab. 1534

ਪਰ ਇਹਨਾਂ ਵਿਚੋਂ ਲਗਦਾ ਕੋਈ ਵੀ ਉਹ ਪੀਰ ਨਹੀ ਜਿਸ ਦੀ ਗਲ ਚਲ ਰਹੀ ਹੈ। ਫਿਰ

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥ ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥ ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥

ਕੁਝ ਦਿਨਾਂ ਬਾਦ ਫਿਰ ਪੀਰ ਬਹਾਵਦੀ ਦਾ ਉਹ ਹਰਕਾਰਾ ਮੁਲਤਾਨ ਵਾਪਸ ਪਹੁੰਚ ਗਿਆ। ਰੁੱਕਾ ਵੇਖ ਕੇ ਪੀਰ ਨੇ ਰੋਣਾਂ ਸ਼ੁਰੂ ਕਰਾ। ਮੁਰੀਦਾਂ ਨੇ ਪੁੱਛਿਆ ਕਿ ਪੀਰ ਜੀ ਤੁਸੀ ਵੈਰਾਗ ਕਿਓ ਪਏ ਕਰਦੇ ਹੋ। ਇਸ ਤੇ ਪੀਰ ਨੇ ਸਾਰੀ ਗਲ ਖੋਲੀ ਕਿ "ਮੈਂ ਤਾਂ ਬਾਬਾ ਨਾਨਕ ਨੂੰ ਸੁਨੇਹਾ ਘੱਲਿਆ ਸੀ ਕਿ ਮੇਰੀ ਇਸ ਜਹਾਨ ਤੋਂ ਰਵਾਨਗੀ ਹੈ, ਚਲੋ ਇਕੱਠੇ ਚਲੀਏ। ਅੱਗੋਂ ਬਾਬਾ ਨਾਨਕ ਨੇ ਕਹਿ ਭੇਜਿਆ ਹੈ ਕਿ ਮੈਂ ਤਾਂ 40 ਦਿਨ ਬਾਦ ਆਵਾਂਗਾ। ਮੈਨੂੰ ਦੁੱਖ ਹੈ ਕਿ ਨਾਨਕ ਦੀ ਗੈਰਹਾਜਰੀ ਬਗੈਰ ਕੀ ਪਤਾ ਮੇਰੇ ਨਾਲ ਕੀ ਬੀਤੇਗੀ। "

ਇਹ ਕੁਝ ਦੱਸਦੇ ਹੋਏ ਮਖਦੂਮ ਬਹਾਵਦੀ ਚਲਾਣਾ ਕਰ ਗਏ।

-----◈-----

## ਕਮਲਾ ਢੇਮ ਲੈ ਆਇਆ

ਪੱਖੋਕੇ ਪਿੰਡ ਦਾ ਹੀ ਇੱਕ ਸਿਧਰਾ ਜਿਹਾ ਬੰਦਾ ਜਿਸਦਾ ਨਾਂ ਕਮਲਾ ਸੀ ਗੁਰੂ ਸਾਹਿਬ ਦਾ ਸ਼ਰਧਾਵਾਨ ਸਿੱਖ ਸੀ। ਹਰ ਵੇਲੇ ਕਰਤਾਰਪੁਰ ਵਿਖੇ ਸੇਵਾ ਟਹਿਲ ਲਈ ਹਾਜਰ ਰਹਿੰਦਾ ਸੀ। ਇੱਕ ਦਿਨ ਉਹ ਗੁਰੂ ਘਰ ਦੀਆਂ ਮੱਝਾਂ ਗਾਵਾਂ ਲਈ ਪੱਠੇ ਵੱਢ ਰਿਹਾ ਸੀ ਕਿ 3 ਸਾਧੂ ਕਮਲੇ ਕੋਲ ਆਏ। ਕਹਿਣ ਲੱਗੇ ਭਾਈ ਇੱਥੇ ਕਿਤੇ ਗੁਰੂ ਨਾਨਕ ਦਾ ਡੇਰਾ ਹੈ? ਕਮਲਾ ਬੜੇ ਮਾਣ ਨਾਲ ਬੋਲਿਆ ਕਿ "ਹਾਂ, ਦੱਸੋ? ਮੈ ਗੁਰੂ ਘਰ ਦਾ ਹੀ ਬੰਦਾ ਹਾਂ। " ਨਾਲ ਹੀ ਕਮਲੇ ਨੇ ਇਸ਼ਾਰਾ ਕਰਕੇ ਦੱਸਿਆ ਕਿ "ਓਹ ਜੇ ਕਰਤਾਰਪੁਰ ਸਾਹਿਬ। "

ਸਾਧੂਆਂ ਨੇ ਕਿਹਾ ਕਿ ਅਸੀ ਕਾਹਲੀ ਵਿੱਚ ਹਾਂ, ਕਰਤਾਰਪੁਰ ਨਹੀ ਜਾ ਪਾਉਣਾ। ਗੁਰੂ ਨਾਨਕ ਨੂੰ ਸਾਡਾ ਸੁਨੇਹਾ ਦੇ ਦੇਣਾ। ਕਮਲੇ ਨੇ ਕਿਹਾ ਜੀ ਹੁਕਮ ਕਰੋ।

ਸਾਧੂਆਂ ਨੇ ਲਾਗੋਂ ਵਾਹਣ ਵਿਚੋਂ ਇੱਕ ਢੇਮ ਚੁੱਕੀ ਤੇ ਕਮਲੇ ਨੂੰ ਫੜਾ ਦਿੱਤੀ ਕਿ ਜਾ ਗੁਰੂ ਨਾਨਕ ਨੂੰ ਸਾਡੀ ਇਹ ਸੁਗਾਤ ਦੇ ਦੇਵੀ। ਕਮਲੇ ਨੇ ਢੇਮ ਲੈ ਤਾਂ ਲਈ ਪਰ ਮਨ ਵਿੱਚ ਗਿਲਾ ਕੀਤਾ ਕਿ ਸ਼ਾਇਦ ਇਹ ਸਾਧੂ ਗੁਰੂ ਸਾਹਿਬ ਨੂੰ ਮਖੌਲ ਕਰ ਰਹੇ ਨੇ। ਕਮਲੇ ਨੇ ਢੇਮ ਲੈ ਕੇ ਆਪਣੇ ਕੋਲ ਰੱਖ ਲਈ ਤੇ ਫਿਰ ਪੱਠੇ ਵੱਢਣੇ ਸ਼ੁਰੂ ਕਰੇ।

ਸਾਧੂਆਂ ਕਿਹਾ ਕਿ ਭਾਈ ਤੁਸੀ ਤੁਰੰਤ ਗੁਰੂ ਜੀ ਵਲ ਜਾਓ। ਕਮਲਾ ਕਹਿਣ ਲੱਗਾ ਡੰਗਰ ਭੁੱਖੇ ਹਨ ਪੱਠਿਆਂ ਦੀ ਪੂਰੀ ਭਰੀ ਵੱਢ ਕੇ ਹੀ ਜਾਵਾਂਗਾ। ਸਾਧੂਆਂ ਕਿਹਾ ਤੇਰੀ ਪੰਡ ਤਾਂ ਪੂਰੀ ਹੋ ਚੁੱਕੀ ਹੈ ਹੋਰ ਕਿੰਨੇ ਕੁ ਚੁੱਕ ਸਕਦੈ?

ਕਮਲੇ ਨੇ ਪਿੱਛੇ ਵੇਖਿਆ ਤਾਂ ਸੱਚ ਮੁੱਚ ਪੱਠਿਆਂ ਦੀ ਪੂਰੀ ਭਰੀ ਬੱਝੀ ਪਈ ਸੀ।

ਸਾਧੂਆਂ ਨੇ ਭਰੀ ਕਮਲੇ ਨੂੰ ਚੁੱਕਾਈ ਤੇ ਉਸ ਨੂੰ ਕਰਤਾਰਪੁਰ ਵਲ ਰਵਾਨਾ ਕਰ ਦਿੱਤਾ। ਕਮਲੇ ਨੇ ਪਿੱਛੇ ਮੁੜ ਵੇਖਿਆ ਤਾਂ ਉਹ



ਕਮਲਾ ਸਾਧੂਆਂ ਕੋਲੋ ਗੁਰੂ ਸਾਹਿਬ ਲਈ ਢੇਮ ਲੈ ਰਿਹਾ ਹੈ। (ਤਸਵੀਰ ਬੀ:40। ਅਸਾਂ ਤਸਵੀਰ ਦਾ ਕੁਝ ਹਿੱਸਾ ਹਟਾ ਦਿੱਤਾ ਅਤੇ ਖਰਾਬ ਹੋ ਚੁੱਕੀ ਤਸਵੀਰ ਤੇ ਬੁਰਸ਼ ਵੀ ਵਰਤਿਆ ਹੈ ਤਾਂ ਕਿ ਕੁਝ ਉਘੜ ਆਏ।)

ਸਾਧੂ ਅਲੋਪ ਸਨ।

ਜਿਵੇ ਕਮਲਾ ਭਰੀ ਚੁੱਕੀ ਆਉਦਾ ਸੇਵਾਦਾਰਾਂ ਵੇਖਿਆ ਤਾਂ ਕਹਿਣ ਲੱਗੇ ਭਾਈ ਤੂੰ ਤਾਂ ਹੁਣੇ ਗਇਆ ਸੀ ਕਿਸੇ ਹੋਰ ਦੇ ਪੱਠੇ ਤਾਂ ਨਹੀ ਚੁੱਕ ਲਿਆਇਆ। ਕਮਲੇ ਨੇ ਸਾਰੀ ਗਲ ਸੇਵਾਦਾਰਾਂ ਨੂੰ ਆ ਦੱਸੀ। ਕਮਲੇ ਨੇ ਫਿਰ ਢੇਮ ਫੜਾਈ ਤੇ ਸਾਰੀ ਗਲ ਗੁਰੂ ਸਾਹਿਬ ਨੂੰ ਦੱਸੀ।

ਗੁਰੂ ਸਾਹਿਬ ਨੇ ਐਲਾਨ ਕਰ ਦਿੱਤਾ ਕਿ ਗੁਰਸਿੱਖੋ ਇਹ ਢੇਮ ਸਾਡੇ ਚਲਾਣੇ ਦਾ ਇਸ਼ਾਰਾ ਹੈ ਤੇ ਇਸ ਪ੍ਰਕਾਰ ਸਾਫ ਲਫਜ਼ਾਂ ਵਿੱਚ ਇਸ ਫਾਨੀ ਜਹਾਨ ਤੋਂ ਕੂਚ ਕਰਨ ਦਾ ਐਲਾਨ ਕਰ ਦਿੱਤਾ।

ਹੇਠਲੇ ਸ਼ਬਦ ਵਿੱਚ ਫਿਰ ਗੁਰੂ ਸਾਹਿਬ ਆਪਣੇ ਮੰਨ ਨਾਲ ਗੱਲਾਂ ਕਰਦੇ ਨੇ:

ਤੁਖਾਰੀ ਮਹਲਾ ੧ ॥ ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ ॥ ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ ॥ ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ ॥ ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ ॥ ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ ॥ ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ ॥੧॥ ਏ ਮਨ ਮੇਰਿਆ ਤੂ ਛੋਡਿ ਆਲ ਜੰਜਾਲਾ ਰਾਮ ॥ ਏ ਮਨ ਮੇਰਿਆ ਹਰਿ ਸੇਵਹੁ ਪੁਰਖੁ ਨਿਰਾਲਾ ਰਾਮ ॥ ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥ ਪਉਣੁ ਪਾਣੀ ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ ॥ ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ ਤਪੋ ॥ ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ ॥੨॥ ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ ॥ ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ ॥ ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥ ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ ॥ ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ ॥ ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥੩॥ ਏ ਮਨ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥ ਏ ਮਨ ਮੇਰਿਆ ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥ ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ ॥ ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ ॥ ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥ ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ ਵਡਭਾਗਿ ਜਪੀਐ ਹਰਿ ਜਸੋ ॥੪॥ ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥ ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨ ਅੰਬੜੈ ਰਾਮ ॥ ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲੰਘਾਵਏ ॥ ਮਿਲਿ ਸਾਧਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ ॥ ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ ॥ ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ ॥੫॥੬॥

ਸਾਹਿਬਜਾਦਿਆਂ ਫਿਰ ਇਸ ਗਲ ਦਾ ਮਖੌਲ ਬਣਾਇਆ ਤੇ

ਕਿਹਾ ਕਿ ਇਹ ਬਾਪੂ ਦੀਆਂ ਸੱਤਰੇ ਬਹੱਤਰੇ ਹੋ ਜਾਣ ਦੀਆਂ ਗੱਲਾਂ ਨੇ।

ਸਾਹਿਬ ਨੇ ਸ਼ਬਦ ਬੋਲਿਆ:

ਰਾਗੁ ਮਾਝ ਅਸਟਪਦੀਆ ਮਹਲਾ ੧ ਘਰੁ ੧ ੴ ਸਤਿਗੁਰ ਪ੍ਰਸਾਦਿ ॥

ਸਬਦਿ ਰੰਗਾਏ ਹੁਕਮਿ ਸਬਾਏ ॥ ਸਚੀ ਦਰਗਹ ਮਹਲਿ ਬੁਲਾਏ ॥ ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ ॥੧॥ ਹਉ ਵਾਰੀ ਜੀਉ ਵਾਰੀ ਸਬਦਿ ਸੁਹਾਵਣਿਆ ॥ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਗੁਰਮਤੀ ਮੰਨਿ ਵਸਾਵਣਿਆ ॥੧॥ ਰਹਾਉ ॥ ਨਾ ਕੋ ਮੇਰਾ ਹਉ ਕਿਸੁ ਕੇਰਾ ॥ ਸਾਚਾ ਠਾਕੁਰੁ ਤ੍ਰਿਭਵਣਿ ਮੇਰਾ ॥ ਹਉਮੈ ਕਰਿ ਕਰਿ ਜਾਇ ਘਣੇਰੀ ਕਰਿ ਅਵਗਣ ਪਛੋਤਾਵਣਿਆ ॥੨॥ ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥ ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥ ਮਨਮੁਖੁ ਭੂਲਾ ਠਉਰੁ ਨ ਪਾਏ ॥ ਜਮ ਦਰਿ ਬਧਾ ਚੋਟਾ ਖਾਏ ॥ ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥੪॥ ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥ ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥੫॥ ਪੇਈਅੜੈ ਪਿਰੁ ਜਾਤੋ ਨਾਹੀ ॥ ਝੂਠਿ ਵਿਛੁੰਨੀ ਰੋਵੈ ਧਾਹੀ ॥ ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ ॥੬॥ ਪੇਈਅੜੈ ਜਿਨਿ ਜਾਤਾ ਪਿਆਰਾ ॥ ਗੁਰਮੁਖਿ ਬੂਝੈ ਤਤੁ ਬੀਚਾਰਾ ॥ ਆਵਣੁ ਜਾਣਾ ਠਾਕਿ ਰਹਾਏ ਸਚੈ ਨਾਮਿ ਸਮਾਵਣਿਆ ॥੭॥ ਗੁਰਮੁਖਿ ਬੂਝੈ ਅਕਥੁ ਕਹਾਵੈ ॥ ਸਚੇ ਠਾਕੁਰ ਸਾਚੋ ਭਾਵੈ ॥ ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ ॥੮॥੧॥

-----◈-----

## ਬਾਬੇ ਨੇ 15 ਦਿਨ ਪਹਿਲਾਂ ਚਲਾਣੇ ਦਾ ਐਲਾਨ ਕਰ ਦਿੱਤਾ ਸੀ

ਬਾਬੇ ਦੀ ਉਮਰ 70 ਸਾਲ ਹੋ ਚੁੱਕੀ ਸੀ। ਕਿਸੇ ਵੇਲੇ ਢਿੱਲ ਮੱਠ ਜਾਂ ਸਰੀਰਕ ਕਮਜ਼ੋਰੀ ਮਹਿਸੂਸ ਕੀਤੀ ਹੋਵੇਗੀ। ਫਿਰ ਕਮਲੇ ਦੀ ਢੀਮ ਤੋਂ ਇਸ਼ਾਰਾ ਪਾ ਕੇ ਗੁਰੂ ਸਾਹਿਬ ਨੂੰ ਯਾਦ ਆ ਗਇਆ ਕਿ ਹੁਣ ਸਾਡੇ ਵੀ ਚਲਾਣੇ ਦਾ ਸਮਾਂ ਆ ਪਹੁੰਚਾ ਹੈ। ਸਾਹਿਬ ਦੇ ਚਲਾਣੇ ਬਾਬਤ ਸਭ ਤੋਂ ਪੁਰਾਣੀ ਜਨਮ ਸਾਖੀ* ਜੋ ਕੁਝ ਲਿਖਿਆ ਹੈ ਉਸਦਾ ਮਤਲਬ ਕੁਝ ਇਸਤਰਾਂ ਹੈ:-

ਇਕ ਦਿਨ ਭਾਈ ਸਿਧਾਰਨ ਨੂੰ ਘੱਲ ਕੇ ਅਜਿਤੇ ਰੰਧਾਵੇ ਤੇ ਇਲਾਕੇ ਦੇ ਹੋਰ ਮੋਹਤਬਰ ਸਿੱਖਾਂ ਨੂੰ ਬਾਬੇ ਨੇ ਆਪਣੇ ਕੋਲ ਬਿਠਾ ਲਿਆ ਤੇ ਕਹਿਣ ਲੱਗੇ ਕਿ ਗੁਰਸਿੱਖੋ ਸਾਡਾ ਹੁਣ ਕੂਚ ਕਰਨ ਦਾ ਸਮਾਂ ਆ ਗਇਆ ਹੈ। ਇਸ ਗੱਲ ਤੇ ਸਿੱਖਾਂ ਨੂੰ ਬੁਰਾ ਲੱਗਾ ਤੇ ਕਹਿਣ ਲੱਗੇ ਕਿ 'ਬਾਬਾ ਜੀ ਇਸ ਤਰਾਂ ਨਾਂ ਕਹੋ। ਲੱਖਾਂ ਲੋਕਾਂ ਦਾ ਉਧਾਰ ਅਜੇ ਤੁਸੀ ਕਰਨਾਂ ਹੈ।' ਕੁਝ ਅਜਿਹੀਆਂ ਗੱਲਾਂ ਸਿੱਖਾਂ ਕੀਤੀਆਂ। ਗੁਰੂ ਸਾਹਿਬ ਨੇ ਕਿਹਾ ਕਿ ਉਹ ਇੰਤਜਾਮ ਅਸੀ ਪਹਿਲਾਂ ਕਰ ਚੁੱਕੇ ਹਾਂ। ਇਹ ਹੁਣ ਤੁਹਾਡੀ ਤੇ ਹਰ ਗੁਰਸਿੱਖ ਦੀ ਜ਼ਿੰਮੇਵਾਰੀ ਹੈ ਕਿ ਲੋਕਾਈ ਨੂੰ ਨਾਮ ਨਾਲ ਜੋੜੋ। ਆਪਣੀ ਥਾਂਵੇ ਅਸੀ ਪਹਿਲਾਂ ਹੀ ਗੁਰੂ ਅੰਗਦ ਸਾਹਿਬ ਨੂੰ ਨਿਯੁਕਤ ਕਰ ਚੁੱਕੇ ਹਾਂ।

ਅਜਿਹੀਆਂ ਗੱਲਾਂ ਬਾਤਾਂ ਉਪਰੰਤ ਸਿੱਖਾਂ ਨੇ ਕਿਹਾ ਕਿ ਬਾਬਾ ਜੀ ਸਾਨੂੰ ਕੀ ਹੁਕਮ ਹੈ? ਗੁਰੂ ਸਾਹਿਬ ਨੇ ਕਿਹਾ ਕਿ ਸਾਡੇ ਚਲਾਣੇ ਦੀਆਂ ਤਿਆਰੀਆਂ ਕਰੋ। ਗੁਰੂ ਸਾਹਿਬ ਨੇ ਸਿੱਖਾਂ ਨੂੰ ਪੱਕਿਆ ਕੀਤਾ ਕਿ ਸਾਡੇ ਚਲਾਣੇ ਤੇ ਰਸਮਾਂ ਜਾਂ ਕਰਮ ਕਾਂਡ ਨਹੀ ਕਰਨੇ। ਸੋਗ ਨਹੀ ਮਨਾਉਣਾ। ਬਿਲਕੁਲ ਰੋਣਾ ਧੋਣਾ ਨਹੀ ਹੈ।

ਸਧਾਰਨ ਨੂੰ ਕਹਿ ਕੇ ਕੁੱਸੇ (ਦੱਬ: ਕਲਾਨੌਰ ਦੇ ਇਲਾਕੇ ਵਿੱਚ ਮਿਲਣ ਵਾਲਾ ਘਾਹ) ਦੀ ਪੰਡ ਵੀ ਮੰਗਵਾ ਲਈ। ਹਿੰਦੂ ਰਸਮ ਅਨੁਸਾਰ ਮੌਤ ਹੋਣ ਤੇ ਲਾਸ਼ ਮੰਜੇ ਤੋਂ ਤੁਰੰਤ ਲਾਹ ਕੇ ਘਾਹ ਦੀ ਚਾਦਰ ਉੱਤੇ ਲਿਟਾ ਦਿੱਤੀ ਹੈ। ਹਿੰਦੂ ਇਹ ਰਸਮ ਅੱਜ ਵੀ ਪਾਲਦੇ ਹਨ। ਉਂਜ ਗੁਰੂ ਸਾਹਿਬ ਤਾਂ ਬਹੁਤ ਪਹਿਲਾਂ ਤੋਂ ਹੀ ਕੁੱਸੇ ਦੇ ਵਿਛਾਉਣੇ ਤੇ ਬੈਠਦੇ ਅਤੇ ਸੌਂਦੇ ਹੁੰਦੇ ਸਨ।

ਸਿੱਖਾਂ ਨੇ ਬਾਲਣ ਵਗੈਰਾ ਇਕੱਠਾ ਕਰਨਾਂ ਸ਼ੁਰੂ ਕਰ ਦਿੱਤਾ। ਲਾਗੇ ਹੀ ਸਸਕਾਰ ਵਾਸਤੇ ਥਾਂ ਚੁੱਣੀ ਗਈ। ਬਾਲਣ ਨੂੰ ਫਿਰ ਚਿਖਾ ਦੇ ਰੂਪ ਵਿੱਚ ਚਿਣ ਦਿੱਤਾ ਗਿਆ।

ਇਸ ਗਲ ਦਾ ਮਾਤਾ ਚੋਣੀ ਨੂੰ ਜਦੋਂ ਪਤਾ ਲੱਗਾ ਤਾਂ ਉਸਨੇ ਸ਼ੋਰ ਮਚਾ ਦਿੱਤਾ। ਪਤੀ ਨੂੰ ਕਹਿਣ ਲੱਗ ਪਈ। ਇਸ ਤਰਾਂ ਤੁਸੀ ਕਿਵੇਂ ਕਰ ਸਕਦੇ ਹੋ? ਅਜੇ ਕਿੰਨੇ ਹੀ ਕੰਮ ਕਰਨੇ ਨੇ। ਗੁਰੂ ਸਾਹਿਬ ਨੇ ਪਤਨੀ ਨੂੰ ਗਿਆਨ ਬਖਸ਼ਿਆ ਕਿ ਇਥੇ ਕਿਸੇ ਵੀ ਬੈਠੇ ਨਹੀ ਰਹਿਣਾ ਅਤੇ ਹੌਸਲਾ ਦਿੱਤਾ।

ਆਖੀਰ ਤੇ ਮਾਤਾ ਸੁਲੱਖਣੀ ਨੇ ਕਿਹਾ ਕਿ 'ਮਾਤਾ ਪਿਤਾ ਦੀ ਬਰਸੀ ਮਨਾਉਣ⊙ ਦੀ ਜਦੋਂ ਗਲ ਚਲੀ ਸੀ ਤਾਂ ਤੁਸੀ ਆਪੇ ਹਾਮੀ ਭਰੀ ਸੀ ਕਿ ਵੱਡਾ ਕੀਰਤਨ ਕਰ ਲੈਣਾ। ਸਕੇ ਸਬੰਧੀ ਵੀ ਸੱਦ ਲੈਣਾ। ਹੁਣ ਮੈਂ ਇਕੱਠ ਵਾਸਤੇ ਤਿਆਰੀ ਕੀਤੀ ਹੋਈ ਹੈ। ਮੈਂ ਤਾਂ ਕੁਝ ਪਕਵਾਨ ਬਣਾ ਵੀ ਲਏ ਤੇ ਕੁਝ ਬਣ ਰਹੇ ਨੇ।'

ਕਿਹਾ ਜਾਂਦਾ ਹੈ ਕਿ ਮਾਤਾ ਜੀ ਦੇ ਬਹੁਤ ਜ਼ਿੱਦ ਕਰਨ ਤੇ ਗੁਰੂ ਸਾਹਿਬ ਨੇ ਚਲਾਣਾ ਕੁਝ ਦਿਨ ਅੱਗੇ ਪਾ ਦਿੱਤਾ ਸੀ। ਪਰ ਨਾਲ ਹੀ ਉਹਨਾਂ ਮਾਤਾ ਚੋਣੀ ਨੂੰ ਸਮਝਾਇਆ ਕਿ ਯਾਦ ਰੱਖ ਇੱਕ ਨਾਂ ਇੱਕ ਦਿਨ ਇਹ ਸਰੀਰ ਛੱਡਣਾ ਹੀ ਪੈਣਾ ਹੈ।

ਫਿਰ ਗੁਰੂ ਸਾਹਿਬ ਨੇ ਭਾਈ ਸਿਧਾਰਣ ਜਿਹੇ ਸਿੱਖਾਂ ਨੂੰ ਦੱਸ ਦਿੱਤਾ ਕਿ ਅਸੀ ਚਲਾਣਾ ਕੁਝ ਦਿਨ ਅੱਗੇ ਪਾ ਦਿੱਤਾ ਹੈ। ਖਬਰ ਸੰਗਤ ਤੱਕ ਵੀ ਪਹੁੰਚ ਗਈ। ਹਰ ਕਿਸੇ ਨੇ ਸੁੱਖ ਦਾ ਸਾਹ ਲਿਆ।

ਜਨਮ ਸਾਖੀਆਂ ਨੇ ਕੁਝ ਉੱਤੇ ਦਿੱਤੀ ਕਹਾਣੀ ਲਿਖੀ ਹੈ ਪਰ ਲਗਦਾ ਹੈ ਕਿ ਗੁਰੂ ਸਾਹਿਬ ਨੂੰ ਕੋਈ ਸਰੀਰਕ ਕਮੀ ਪੇਸ਼ੀ ਆਈ ਹੋਈ ਹੋਵੇ। ਹੋ ਸਕਦਾ ਉਸ ਤੋਂ ਕੁਝ ਅਰਾਮ ਮਿਲਿਆ ਹੋਵੇ। ਕਰਤਾਰਪੁਰ ਵਿਖੇ ਰਚੀ ਹੇਠ ਸ਼ੱਸ਼ੋਭਿਤ ਬਾਣੀ ਵੀ ਮਿਲਦੀ ਹੈ ਜਿਸ ਵਿਚ ਚਲਾਣੇ ਦੇ ਸਾਫ ਇਸ਼ਾਰੇ ਹਨ। ਉਂਜ ਨਾਲ ਹੀ ਚੜ੍ਹਦੀ ਕਲ੍ਹਾਂ ਅਵਸਥਾ ਦੇ ਇਸ਼ਾਰੇ ਵੀ ਹਨ। ਸਾਹਿਬ ਅਕਾਲ ਪੁਰਖ ਦਾ ਸ਼ੁਕਰਾਨਾ ਕਰ ਰਹੇ ਹਨ:✚

ਧਨਾਸਰੀ ਮਹਲਾ ੧ ॥ ਜੀਵਾ ਤੇਰੈ ਨਾਇ ਮਨਿ ਆਨੰਦੁ ਹੈ ਜੀਉ ॥ ਸਾਚੋ ਸਾਚਾ ਨਾਉ ਗੁਣ ਗੋਵਿੰਦੁ ਹੈ ਜੀਉ ॥ ਗੁਰ ਗਿਆਨੁ ਅਪਾਰਾ ਸਿਰਜਣਹਾਰਾ ਜਿਨਿ ਸਿਰਜੀ ਤਿਨਿ ਗੋਈ ॥ ਪਰਵਾਣਾ ਆਇਆ ਹੁਕਮਿ ਪਠਾਇਆ ਫੇਰਿ ਨ ਸਕੈ ਕੋਈ ॥ ਆਪੇ ਕਰਿ ਵੇਖੈ ਸਿਰਿ ਸਿਰਿ ਲੇਖੈ ਆਪੇ ਸੁਰਤਿ ਬੁਝਾਈ ॥ ਨਾਨਕ ਸਾਹਿਬੁ ਅਗਮ ਅਗੋਚਰੁ ਜੀਵਾ ਸਚੀ ਨਾਈ ॥੧॥ ਤੁਮ ਸਰਿ ਅਵਰੁ ਨ ਕੋਇ ਆਇਆ ਜਾਇਸੀ ਜੀਉ ॥ ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ ॥ ਗੁਰੁ ਭਰਮੁ ਚੁਕਾਏ ਅਕਥੁ ਕਹਾਏ ਸਚ ਮਹਿ ਸਾਚੁ ਸਮਾਣਾ ॥ ਆਪਿ ਉਪਾਏ ਆਪਿ ਸਮਾਏ ਹੁਕਮੀ ਹੁਕਮੁ

ਪੈੜ ਸਫ਼ਾ

✚ ਸੋਢੀ 2- 525 ਨੇ ਵੀ ਮੰਨਿਆ ਹੈ ਕਿ ਸ਼ਬਦ ਕਰਤਾਰਪੁਰ ਵਿਖੇ ਰਚਿਆ ਗਇਆ ਸੀ।) ⊙ ਜਨਮਸਾਖੀ ਬੀ 40 ਨੇ ਲਿਖਿਆ ਹੈ ਕਿ ਗੁਰੂ ਸਾਹਿਬ ਆਪਣੇ ਬਜ਼ੁਰਗਾਂ ਦਾ ਸਰਾਧ ਕਰਨ ਲਈ ਕੁਝ ਦਿਨ ਰੁਕ ਗਏ ਸਨ। ਪਰ ਇਹ ਗਲ ਕਿਸੇ ਵੀ ਤਰਾਂ ਮੰਨਣਯੋਗ ਨਹੀ ਹੈ ਕਿਉਕਿ ਸਾਰੀ ਉਮਰ ਤਾਂ ਗੁਰੂ ਸਾਹਿਬ ਸਰਾਧਾਂ ਦਾ ਵਿਰੋਧ ਕਰਦੇ ਰਹੇ ਸਨ। ਹੋ ਸਕਦਾ ਘਰ ਵਿਚ ਕੋਈ ਹੋਰ ਸਾਰਥ-ਮਨੋਰਥ ਹੋਵੇ।

ਪਛਾਣਾ ॥ ਸਚੀ ਵਡਿਆਈ ਗੁਰ ਤੇ ਪਾਈ ਤੂ ਮਨਿ ਅੰਤਿ ਸਖਾਈ ॥ ਨਾਨਕ ਸਾਹਿਬੁ ਅਵਰੁ ਨ ਦੂਜਾ ਨਾਮਿ ਤੇਰੈ ਵਡਿਆਈ ॥੨॥... (ਪੂਰਾ ਸ਼ਬਦ ਵੇਖੋ ਅੰਗ ੬੮੮ ਸਗਗਸ)

(ਇਸ਼ਾਰੇ- ਜੀਵਾ ਤੇਰੈ ਨਾਇ ਮਨਿ ਆਨੰਦੁ, ਪਰਵਾਣਾ ਆਇਆ ਹੁਕਮਿ ਪਠਾਇਆ ਫੇਰਿ ਨ ਸਕੈ ਕੋਈ, ਜੀਵਾ ਸਚੀ ਨਾਈ ॥, 'ਸਚ ਮਹਿ ਸਾਚੁ ਸਮਾਣਾ ॥, ਅਮਰਾ ਪਦੁ ਪਾਇਆ', 'ਦਰਿ ਜਾਇਸਾ ਜੀਉ'।

ਇਸ ਤੋਂ ਲਗਦਾ ਹੈ ਕਿ ਗੁਰੂ ਸਾਹਿਬ ਦਾ ਇਕ ਵੇਰ ਚਲਾਣਾ ਟਲਿਆ ਸੀ। ਇਤਿਹਾਸ ਵਿਚ ਇਹ ਸਾਫ ਨਹੀ ਹੋ ਪਾਇਆ ਕਿ ਇਸ ਉਪਰੰਤ ਗੁਰੂ ਸਾਹਿਬ ਕਿੰਨਾ ਚਿਰ ਹੋਰ ਜੀਏ। ਜਨਮਸਾਖੀਆਂ ਤਾਂ 15 ਕੁ ਦਿਨ ਦੀ ਗਲ ਕਹੀ ਹੈ ਪਰ ਜੋ ਦਲੀਲ ਦਿੱਤੀ ਉਹ ਮੰਨਣਯੋਗ ਨਹੀ।

-----◆-----

## ਬਾਣੀ ਰਚੀ

ਇਨਾਂ ਪੰਦਰਾਂ ਦਿਨਾਂ ਵਿੱਚ ਗੁਰੂ ਸਾਹਿਬ ਨੇ ਫਿਰ ਕਾਫੀ ਬਣੀ ਰਚੀ। ਤੁਖਾਰੀ ਰਾਗ ਵਾਲਾ ਬਾਰਹਮਾਹਾ ਵੀ ਇਸ ਸਮੇਂ ਵਿੱਚ ਰਚਿਆ ਗਿਆ।

ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥ ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥..(ਸਗਗਸ-੧੧੦੭)

ਆਹ ਸ਼ਬਦ ਮਾਤਾ ਸੁਲੱਖਣੀ ਨੂੰ ਸੰਬੋਧਨ ਕੀਤਾ

ਮਾਤਾ ਬੋਲੀ- ਸੁਣਿ ਨਾਹ ਪਿਆਰੇ ਇੱਕ ਬੇਨੰਤੀ ਮੇਰੀ ॥ ਤੂ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ ॥

ਗੁਰੂ ਸਾਹਿਬ ਦਾ ਜਵਾਬ- ਵਿਣੁ ਨਾਵੈ ਕੋ ਸੰਗਿ ਨ ਸਾਥੀ..

ਫਿਰ ਮਾਤਾ ਬੋਲੀ - ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥..

ਗੁਰੂ ਸਾਹਿਬ ਦਾ ਜਵਾਬ - ਨਾਨਕ ਅੰਮ੍ਰਿਤ ਬਿਰਖੁ .. (ਸੋ ਹੇਠਾਂ ਪੜੋ ਮਾਤਾ ਦੇ ਉਲਾਹਮੇ ਅਤੇ ਗੁਰੂ ਸਾਹਿਬ ਦੇ ਜਵਾਬ:

ਤੁਖਾਰੀ ਮਹਲਾ ੧ ॥ ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥ ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥ ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ ॥ ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ ॥ ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ ॥੧॥ ਸੁਣਿ ਨਾਹ ਪਿਆਰੇ ਇਕ ਬੇਨੰਤੀ ਮੇਰੀ ॥ ਤੂ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ ॥ ਬਿਨੁ ਅਪਨੇ ਨਾਹੈ ਕੋਇ ਨ ਚਾਹੈ ਕਿਆ ਕਹੀਐ ਕਿਆ ਕੀਜੈ ॥ ਅੰਮ੍ਰਿਤ ਨਾਮੁ ਰਸਨ ਰਸੁ ਰਸਨਾ ਗੁਰ ਸਬਦੀ ਰਸੁ ਪੀਜੈ ॥ ਵਿਣੁ ਨਾਵੈ ਕੋ ਸੰਗਿ ਨ ਸਾਥੀ ਆਵੈ ਜਾਇ ਘਨੇਰੀ ॥ ਨਾਨਕ ਲਾਹਾ ਲੈ ਘਰਿ ਜਾਈਐ ਸਾਚੀ ਸਚੁ ਮਤਿ ਤੇਰੀ ॥੨॥ ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥ ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥ ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ॥ ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ ॥ ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ ॥ ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ ॥੩॥ ਮਹਲਿ ਬੁਲਾਇੜੀਏ ਬਿਲਮੁ ਨ ਕੀਜੈ ॥ ਅਨਦਿਨੁ ਰਤੜੀਏ ਸਹਜਿ ਮਿਲੀਜੈ ॥ ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ ਗਰਬੁ ਨਿਵਾਰਿ ਸਮਾਣੀ ॥ ਸਾਚੈ ਰਾਤੀ ਮਿਲੈ ਮਿਲਾਈ ਮਨਮੁਖਿ ਆਵਣ ਜਾਣੀ ॥ ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ ॥ ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ ॥੪॥੪॥

-----◆-----

## ਚਲਾਣਾ

15-16 ਦਿਨਾਂ ਬਾਦ ਫਿਰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਮੇਰੇ ਚਲਾਣੇ ਦੀ ਤਿਆਰੀ ਅਰੰਭੀ ਜਾਏ।

ਬਾਲਣ ਤਾਂ ਪਹਿਲਾਂ ਹੀ ਪਹੁੰਚਾ ਦਿੱਤਾ ਗਇਆ ਸੀ।

ਗੁਰੂ ਸਾਹਿਬ ਧਰਮਸਾਲ ਵਿਖੇ ਕੁੱਸੇ ਦੇ ਬਿਸਤਰੇ ਤੇ ਉੱਤੇ ਚਾਦਰ ਲੈ ਲੰਮੇ ਪੈ ਗਏ ਤੇ ਲੱਗੇ ਅਕਾਲ ਪੁਰਖ ਕੋਲ ਅਰਦਾਸਾਂ ਕਰਨ। ਗੁਰਸਿੱਖਾਂ ਨੇ ਜ਼ਿੱਦ ਕਰਕੇ ਗੁਰੂ ਸਾਹਿਬ ਥੱਲੇ ਤਲਾਈ ਆਦਿ ਵੀ ਵਿਛਾ ਦਿੱਤੀ ਕਿਉਕਿ ਸਰਦੀ ਉੱਤਰ ਰਹੀ ਸੀ। ਲਗਦਾ ਹੈ ਇਹ ਚਾਦਰ ਕੋਈ ਕੀਮਤੀ ਰੇਸ਼ਮੀ ਕਪੜਾ ਹੋਵੇਗਾ ਜਿਸ ਕਰਕੇ ਬਿਸਤਰੇ ਦੀ ਥਾਂ ਜ਼ਿਆਦਾ ਚਾਦਰ ਦੀ ਹੀ ਗਲ ਚਲਦੀ ਹੈ। ਗੁਰੂ ਸਾਹਿਬ ਨੇ ਖਾਣਾ ਪੀਣਾ ਬਿਲਕੁਲ ਛੱਡ ਦਿੱਤਾ ਸੀ।

ਇਕ ਮੌਕੇ ਅਜਿਹਾ ਵੀ ਆਇਆ ਕਿ ਸਿੱਖਾਂ ਨੂੰ ਲੱਗਾ ਕਿ ਗੁਰੂ ਸਾਹਿਬ ਚਲਾਣਾ ਕਰ ਗਏ ਹਨ। ਇਸ ਕਰਕੇ ਤੁਰੰਤ ਸਹਿਬਜਾਦਿਆਂ ਸ੍ਰੀ ਚੰਦ ਅਤੇ ਲਖਮੀ ਦਾਸ ਨੂੰ ਸੱਦਿਆ ਗਿਆ। ਪੁੱਤਰਾਂ ਨੇ ਰੋਣਾ ਧੋਣਾ ਸ਼ੁਰੂ ਕਰ ਦਿੱਤਾ। ਉੱਚੀ ਉੱਚੀ ਪਏ ਰੋਣ। "ਬਾਬਾ ਦੋ-ਚਾਰ ਘੜੀਆਂ ਸਾਨੂੰ ਉਡੀਕ ਹੀ ਲੈਂਦੋਂ। ਤੂੰ ਕਿਓ ਕਾਹਲੀ ਕਰ ਦਿੱਤੀ? ਸਾਨੂੰ ਫਿਰ ਯਤੀਮ ਕਰ ਚੱਲਿਓਂ। "

ਅਤੇ ਲਓ!

### ਅਤੇ ਭਾਈ ਸਧਾਰਨ ਨੇ ਵੀ ਆਪਣੀ ਪੱਗ ਵਗਾਹ ਮਾਰੀ

ਪੱਖੋਕਿਆਂ ਦਾ ਹੀ+ ਭਾਈ ਸਧਾਰਨ ਨਾਂ ਦਾ ਸਿੱਖ ਗੁਰੂ ਸਾਹਿਬ ਦਾ ਸ਼ਰਧਾਵਾਨ ਸਿੱਖ ਸੀ। ਲੰਮਾ ਸਮਾਂ ਉਸ ਨੇ ਕਰਤਾਰਪੁਰ ਸਾਹਿਬ ਵਿਖੇ ਗੁਰੂ ਜੀ ਦੇ ਹੁਕਮਾਂ ਤਹਿਤ ਸੰਗਤਾਂ ਦੀ ਸੇਵਾ ਕੀਤੀ ਸੀ। ਜਿਵੇ ਗੁਰੂ ਸਾਹਿਬ ਦੇ ਚਲਾਣੇ ਦੀ ਖਬਰ ਸੁਣੀ ਤਾਂ ਭਾਈ ਸਧਾਰਨ ਵੀ ਸਾਹਿਬਜਾਦਿਆਂ ਵਾਙੂ ਲੱਗਾ ਵੈਣ ਪਾਉਣ। ਪੱਗ ਵਗਾਹ ਮਾਰੀ। ਸਿਰ ਖਲਾਰ ਲਿਆ।

ਉੱਚੀ ਉੱਚੀ ਕਹਿਣ ਲੱਗਾ ਕਿ ਗੁਰੂ ਸਾਹਿਬ ਨੇ ਸਾਰੇ ਸਿੱਖਾਂ ਨੂੰ ਹਰ ਕਿਸੇ ਦੀ ਇਛਾ ਮੁਤਾਬਿਕ ਬਖਸ਼ਸ਼ਾਂ ਕੀਤੀਆਂ ਨੇ ਪਰ ਮੈਂ ਕੀ ਸਾਰੀ ਉਮਰ ਰੇਤ ਹੀ ਛਾਂਣਦਾ ਰਿਹਾ? ਮੈਨੂੰ ਕੀ ਮਿਲਿਆ? ਇਹ ਕੁਝ ਚਲਦਾ ਰਿਹਾ ਓਥੇ।

ਕੁਝ ਸਮੇਂ ਬਾਦ ਗੁਰੂ ਜੀ ਉੱਠ ਕੇ ਬਹਿ ਗਏ। ਜਲ ਛਕਿਆ।

ਸਾਹਿਬਜਾਦਿਆਂ ਨੂੰ ਕੋਲ ਸੱਦ ਕੇ ਕਿਹਾ ਕਿ ਪੁੱਤਰੋ ਤੁਹਾਨੂੰ ਭਰੋਸਾ ਦਿੱਤਾ ਹੈ ਕਿ ਤੁਹਾਡੇ ਠਾਠ ਬਾਠ ਪਹਿਲਾਂ ਵਾਲੇ ਬਰਕਰਾਰ ਰਹਿਣਗੇ। ਫਿਕਰ ਚਿੰਤਾ ਨਾਂ ਕਰੋ। ਬਾਕੀ ਪੁੱਤਰੋ ਤੁਸੀ ਦੋ -ਚਾਰ ਘੜੀਆਂ ਹੋਰ ਜੀਣ ਦੀ ਮੰਗ ਕੀਤੀ ਹੈ ਓਨਾਂ ਚਿਰ ਮੈਂ ਤੁਹਾਡੇ ਨਾਲ ਹਾਂ। (ਭਾਵ ਦੋ-ਚਾਰ ਮਹੀਨੇ ਜਾਂ ਸਾਲ ਨਹੀ ਮੰਗੇ)। ਪੁੱਤਰ ਲਾ-ਜਵਾਬ ਸਨ।

ਫਿਰ ਗੁਰੂ ਸਾਹਿਬ ਨੇ ਭਾਈ ਸਧਾਰਣ ਨੂੰ ਆਪਣੇ ਕੋਲ ਸੱਦਿਆ। ਸਧਾਰਣ ਨੇ ਆਪਣਾ ਗਿਲਾ ਫਿਰ ਗੁਰੂ ਸਾਹਿਬ ਅੱਗੇ ਰੱਖਿਆ।

ਗੁਰੂ ਸਾਹਿਬ ਨੇ ਭਾਈ ਸਧਾਰਣ ਨੂੰ ਇੱਕ ਵੇਲਾ ਯਾਦ ਦਿਵਾਇਆ ਕਿ,

"ਸਧਾਰਣਾ ਫਲਾਣੇ ਮੌਕੇ ਤੈਨੂੰ ਮੈਂ ਕਿਹਾ ਸੀ ਕਿ ਮੰਗ ਜੋ ਚਾਹੀਦਾ ਹੈ ਤਾਂ ਉਸ ਵਕਤ ਤੂੰ ਕਿਹਾ ਸੀ ਕਿ ਗੁਰੂ ਜੀ ਜੇ ਤੁਸੀ ਤੁੱਠੇ ਹੀ ਹੋ ਤਾਂ ਮੇਰੇ ਤੇ ਕਿਰਪਾ ਕਰੋ, ਮੇਰਾ ਕੁੜਮ ਜੋ ਆਗਰੇ ਬੰਦੀਖਾਨੇ ਵਿੱਚ ਪਇਆ ਹੋਇਆ ਹੈ, ਉਹਦੀ ਬੰਦ ਖਲਾਸੀ ਹੋਵੇ ਤੇ ਉਹ




ਕਰਤਾਰਪੁਰ ਵਿਖੇ ਬਾਬੇ ਦੀ ਹਿੰਦੂਆਂ ਸਮਾਧ (ਮੜੀ) ਬਣਾਈ ਅਤੇ ਮੁਸਲਮਾਨਾਂ ਨੇ ਕਬਰ। ਗੁਰੂ ਸਾਹਿਬ ਦੇ ਜੋਤੀ ਜੋਤ ਉਪਰੰਤ ਸਮਾਧ ਨੂੰ ਮੁੱਖ ਇਮਾਰਤ ਦੇ ਅੰਦਰ ਲਿਆ ਗਇਆ ਸੀ ਅਤੇ ਕਬਰ ਬਾਹਰ ਬਿਨਾਂ ਛੱਤ ਦੇ ਹੀ ਚਲੀ ਆਉਦੀ ਰਹੀ ਹੈ। 1947 ਤਕ ਕਬਰ ਤੇ ਮੁਸਲਮਾਨ ਮਜੌਰ ਬੈਠਦਾ ਹੁੰਦਾ ਸੀ। ਕਰਤਾਰਪੁਰ ਦੇ ਲਾਗੇ ਹੀ ਸਯਦ ਮੱਦੀ ਸ਼ਾਹ ਦਾ ਮਕਬਰਾ ਹੈ। ਓਥੋਂ ਦਾ ਪੀਰ ਦਿਨ ਦਿਹਾੜੇ ਤੇ ਆ ਕੇ ਕਬਰ ਤੇ ਬਹਿੰਦਾ ਹੁੰਦਾ ਸੀ ਅਤੇ ਸ਼ਰਧਾਲੂ ਨੂੰ ਪ੍ਰਸ਼ਾਦਿ ਦਿਆ ਕਰਦਾ ਸੀ।

ਆਪਣੇ ਘਰ ਆ ਕੇ ਸਾਰੀਆਂ ਜ਼ਿੰਮੇਵਾਰੀਆਂ ਸਾਂਭੇ। ਮੈਂ ਉਸ ਵੇਲੇ ਤੈਨੂੰ ਤਿੰਨ ਵਾਰ ਪੁੱਛਿਆ ਸੀ ਕਿ ਕੁਝ ਹੋਰ ਵੀ ਮੰਗ ਲੈ। ਤੈਨੂੰ ਸੁਚੇਤ ਕਰਨ ਦੀ ਵੀ ਕੋਸ਼ਿਸ਼ ਕੀਤੀ ਸੀ ਕਿ ਕੁੜਮ ਛੁੱਟੇ ਦਾ ਤੇਰਾ ਕਿਸੇ ਨੇ ਗੁਣ ਨਹੀ ਪਾਉਣਾ। ਪਰ ਸਧਾਰਣਾ ਤੂੰ ਬਸ ਇਕੋ ਰੱਟ ਲਾਈ ਰੱਖੀ ਸੀ। ਹੁਣ ਕਿਓ ਗਿਲਾ ਕਰਦਾ ਹੈ। ਹੁਣ ਹੋਰ ਦੱਸ ਕੀ ਚਾਹੀਦਾ ਤੈਨੂੰ?"

ਇਹ ਸੁਣ ਭਾਈ ਸਧਾਰਣ ਸਾਰਿਆ ਦੇ ਸਾਹਮਣੇ ਬਹੁਤ ਸ਼ਰਮਿੰਦਾ ਹੋਇਆ ਤੇ ਕੁਝ ਵੀ ਹੋਰ ਗਲ ਨਾਂ ਸੁਝੀ। ਸੰਗਤ ਵਿੱਚ ਬਾਕੀ ਲੋਕਾਂ ਨੂੰ ਯਾਦ ਆ ਗਇਆ ਕਿ ਕਿਵੇ ਇਸ ਨੇ ਆਪਣਾ ਕੁੜਮ ਗੁਰੂ ਸਾਹਿਬ ਦੀ ਬਖਸ਼ਸ਼ ਨਾਲ ਛਡਵਾਇਆ ਸੀ।

ਹੁਣ ਭਾਈ ਸਧਾਰਣ ਨੇ ਹੋਰ ਕੋਈ ਮੰਗ ਨਾਂ ਰੱਖੀ।

## ਅਤੇ ਅਖੀਰ ਤੱਤਾਂ ਦਾ ਮੂਲ ਤੱਤ ਵਿਚ ਜ਼ਜ਼ਬ ਹੋਣਾ॰

**ਅੱਧੀ ਰਾਤ ਵੇਲੇ ਅੱਖਾਂ ਚੁੰਧਿਆ ਦੇਣ ਵਾਲੀ ਅਸਮਾਨੀ ਬਿਜਲੀ ਜਿਹੀ ਲਗਾਤਾਰ ਰੋਸ਼ਨੀ ਹੋਈ। ਬੱਦਲਾਂ ਜਿਹੀ ਗਰਜ, ਢੋਲ ਢਮਾਕੇ ਅਤੇ ਵੱਖ ਵੱਖ ਵਜੰਤ੍ਰੀਆਂ ਦੇ ਸਾਜਾਂ ਦੀਆਂ ਅਵਾਜਾਂ ਆਈਆਂ।ਖੁਸ਼ਬੂ ਚੁਫੇਰੇ ਫੈਲ ਗਈ। ਜਦੋਂ ਹਾਲਾਤ ਸ਼ਾਂਤ ਹੋਏ ਤਾਂ ਗੁਰੂ ਸਾਹਿਬ ਅਲੋਪ ਸਨ। ਉਹਨਾਂ ਦੇ ਕਪੜੇ ਅਤੇ ਬਿਸਤਰ ਨੌ ਬਰ ਨੌ ਸੀ।**

ਉਸ ਦਿਨ ਫਿਰ ਗੁਰੂ ਸਾਹਿਬ ਸਾਰਾ ਦਿਨ ਸੰਗਤ ਨੂੰ ਮਿਲਦੇ ਗਿਲਦੇ ਰਹੇ। ਤਰਕਾਲਾਂ ਵੇਲੇ ਫਿਰ ਰਹਿਰਾਸ, ਕੀਰਤਨ ਸੋਹਲੇ ਉਪਰੰਤ ਗੁਰੂ ਸਾਹਿਬ ਨੇ ਸਾਰੀ ਸੰਗਤ ਨੂੰ ਆਖਰੀ ਸਤਿ ਸ੍ਰੀ ਅਕਾਲ ਬੁਲਾਈ। ਸਾਰੀ ਸੰਗਤ ਨੇ ਫਿਰ ਪੈਰੀ ਪੈਣਾ ਕੀਤਾ।

ਗੁਰੂ ਸਾਹਿਬ ਦੀ ਸੇਵਾ ਵਿੱਚ ਚਾਰ ਗੁਰਸਿੱਖਾਂ ਨੂੰ ਹਰ ਵੇਲੇ ਜਾਗਦੇ ਰਹਿਣ ਦੇ ਹੁਕਮ ਪਹਿਲਾਂ ਹੀ ਹੋ ਚੁੱਕੇ ਸਨ। ਲਿਖਿਆ ਹੈ ਕਿ ਇਹ ਪਹਿਰੇਦਾਰ ਹਥਿਆਰਬੰਦ ਸਨ।

ਉਪਰੰਤ ਗੁਰੂ ਸਾਹਿਬ ਬਹਿ ਗਏ ਤੇ ਅੰਤਰਧਿਆਨ ਹੋ, ਲੱਗੇ ਅਕਾਲ ਪੁਰਖ ਅੱਗੇ ਅਰਦਾਸਾਂ ਕਰਨ।

ਹਟਵੀ ਬੈਠੀ ਸੰਗਤ ਕੀਰਤਨ ਸੋਹਿਲੇ ਦਾ ਪਾਠ ਕਰ ਰਹੀ ਹੈ: "ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ ॥ . ."

ਜਿਵੇ ਅੱਧੀ ਰਾਤ ਗੁਜਰੀ ਤਾਂ ਬਹੁਤ ਉਚੀ ਜਿਹੀ ਧੁੰਨ ਉਠੀ ਜਿਵੇ ਬਿਜਲੀ ਕੜਕਦੀ ਹੈ। ਪਹਿਰੇਦਾਰਾਂ ਨੂੰ ਇਉ ਲੱਗਾ ਜਿਵੇ ਬਹੁਤ ਉੱਚੀ ਅਵਾਜ ਵਿੱਚ ਸਾਜ ਵੱਜਦੇ ਹਨ। ਇਹੋ ਜਿਹੀਆਂ ਧੁੰਨਾਂ ਤਾਂ ਉਨਾਂ ਪਹਿਲਾਂ ਕਦੀ ਵੀ ਨਹੀ ਸਨ ਸੁਣੀਆਂ। ਅਲੌਕਿਕ ਪ੍ਰਕਾਸ਼ ਹੋਇਆ ਜਿਵੇ ਸੂਰਜ ਇਥੇ ਹੀ ਉੱਤਰ ਆਇਆ ਹੋਵੇ। ਹਨੇਰੀ ਜਿਹੀ ਚਲੀ। ਬਾਬਾ ਜੀ ਦੀ ਦਾਹੜੀ ਦੇ ਵਾਲ ਫਰ ਫਰ ਉੱਡ ਰਹੇ ਸਨ। ਚਾਰ ਚੁਫੇਰੇ ਵੱਖਰੀ ਹੀ ਕਿਸਮ ਦੀ ਸੁਗੰਧ ਫੈਲ ਗਈ। ਪਹਿਰੇਦਾਰ ਹੱਥ ਜੋੜ ਉਠ ਖੜੇ ਹੋਏ। ਤੇਜ ਰੋਸ਼ਨੀ ਅਤੇ ਮਹੌਲ ਕਰਕੇ ਸਭ ਦੀਆਂ ਅੱਖਾਂ ਚੁੰਧਿਆ ਗਈਆਂ ਸਨ।

ਕੁਝ ਚਿਰ ਬਾਦ ਜਦੋਂ ਧਮਾਕੇ ਵਾਲੀ ਅਵਾਜ ਬੰਦ ਹੋਈ, ਰੋਸ਼ਨੀ ਮੱਧਮ ਪਈ ਤਾਂ ਪਹਿਰੇਦਾਰ ਸਿੱਖਾਂ ਦੀਆਂ ਅੱਖਾਂ ਖੁੱਲੀਆ ਤਾਂ ਕੀ ਵੇਖਦੇ ਨੇ, ਓਥੇ ਬਾਬਾ ਜੀ ਨਹੀ ਸਨ। ਗੁਰੂ ਸਾਹਿਬ ਦੇ ਪਹਿਨੇ ਹੋਏ ਕਪੜੇ ਅਤੇ ਚਾਦਰ ਉਥੈ ਦੱਬ ਵਾਲੇ ਆਸਣ ਤੇ ਪਏ ਸਨ। ਚੁਫੇਰੇ ਨਿਗਾਹਾਂ ਦੌੜਾਈਆਂ ਗਈਆਂ। ਗੁਰੂ ਜੀ ਕਿਤੇ ਨਜਰ ਨਹੀ ਸੀ ਆ ਰਹੇ। ਫਿਰ ਹਰ ਕੋਈ ਕਹਿ ਰਿਹਾ ਸੀ ਬਾਬਾ ਸਣਦੇਹੀ ਦਰਗਾਹੇ ਪਹੁੰਚ ਗਇਆ ਹੈ। ਚਮਤਕਾਰ ਹੋ ਗਇਆ ਹੈ। ਕੋਈ ਕਹੇ ਬਾਬਾ ਛਲ ਕਰ ਗਿਆ। ਜਿਵੇ ਪੰਚਮ ਨਾਨਕ ਨੇ ਲਿਖਿਆ ਹੈ:

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥**

ਭੌਤਿਕ ਸਰੀਰ ਅਨੱਰਜੀ ਵਿਚ ਤਬਦੀਲ ਹੋ ਗਇਆ ਸੀ। ਚੇਤੰਨ ਸਰੀਰ (ਨਿਰੰਕਾਰ ਦਾ ਅੰਸ਼ ਜਾਂ ਆਤਮਾ) ਸ੍ਰਿਸਟੀ ਦੇ ਮਾਲਕ ਕਰਤਾਰ ਵਿਚ ਅਭੇਦ ਹੋ ਚੁੱਕੀ ਸੀ।

ਇਹ 23 ਅੱਸੂ ਸੰਮਤ 1596 ਮੁਤਾਬਿਕ 22 ਸਤੰਬਰ 1539 ਈ ਦਾ ਦਿਨ ਸੀ।

ਦਿਨ ਚੜ੍ਹਦੇ ਤੱਕ ਇਹ ਖਬਰ ਜੰਗਲ ਦੀ ਅੱਗ ਦੀ ਤਰਾਂ ਫੈਲ

ਪੈੜ ਸਫ਼ਾ

○ ਬੀ:40- 161 ✚ਸਾਈਕਲ ਯਾਤਰੀ ◘ ਦਿਲਜੀਤ ਸਿੰਘ- 62

### ਦੁਵੱਲੇ ਫੁੱਲ ਰੱਖਣ ਵਾਲੀ ਗਲ ਬਾਦ 'ਚ ਜੋੜੀ ਗਈ

ਪੁਰਾਤਨ- 208 ਨੇ ਹਿੰਦੂ-ਮੁਸਲਮਾਨਾਂ ਦੇ ਵਿਵਾਦ ਬਾਰੇ ਕੁਝ ਇਸ ਤਰਾਂ ਲਿਖਿਆ ਹੈ ਕਿ ਗੁਰੂ ਸਾਹਿਬ ਜਦੋਂ ਸੰਗਤ ਵਿੱਚ ਸਨ ਤਾਂ ਪੁੱਛਿਆ ਗਇਆ ਕਿ ਬਾਬਾ ਜੀ ਚਲਾਣੇ ਉਪਰੰਤ ਤੁਹਾਡੇ ਪਵਿਤ੍ਰ ਸਰੀਰ ਦਾ ਕੀ ਕੀਤਾ ਜਾਵੇ:-

"ਤਬ ਹਿੰਦੂ ਮੁਸਲਮਾਨ ਨਾਉ ਧਰੀਕ ਲੱਗੇ ਆਖਣਿ। ਮੁਸਲਮਾਨ ਲੱਗੇ ਆਖਣਿ: ਅਸੀ ਦਬਹਿੰਗੇ। ਅਤੇ ਹਿੰਦੂ ਲਾਗੇ ਆਖਣਿ: ਜੇ ਅਸੀ ਜਲਾਹਾਂਗੇ। ਤਬ ਬਾਬੇ ਆਖਿਆ: ਜੇ ਤੁਸੀ ਦੁਹਾਂ ਵਲੀ ਫੁਲ ਰੱਖਹੁ, ਜਿਸ ਦੇ ਭਲਕੇ ਹਰੇ ਰਹਿਨਿਗੇ, ਜੇ ਹਿੰਦੂਆਂ ਕੇ ਹਰੇ ਰਹਿਨਿ ਤਾਂ ਜਾਲਹਿੰਗੇ ਅਤੇ ਜੇ ਮੁਸਲਮਾਨਾਂ ਕੇ ਹਰੇ ਰਹਿਨਗੇ ਤਾਂ ਦਬਹਿੰਗੇ। "

ਸੋ ਸੰਗਤਾਂ ਵਿੱਚ ਇਹੋ ਪੱਖ ਜਿਆਦਾ ਪ੍ਰਚਲਤ ਹੈ। ਭਾਵੇ ਕਿ ਮ੍ਰਿਤਕ ਸਰੀਰ ਤੇ ਫੁੱਲ ਭੇਟ ਕਰਨ ਦਾ ਰਿਵਾਜ ਅਜੇ ਪੰਜਾਬ ਵਿੱਚ ਪ੍ਰਚਲਤ ਨਹੀ ਸੀ।

ਬੀ:40 ਵਾਲੀ ਅਸਲੀਅਤ ਨੂੰ ਉਸ ਵੇਲੇ ਅਜੇ ਲੋਕ ਮੰਨਣ ਨੂੰ ਤਿਆਰ ਨਹੀ ਸਨ। ਯਾਦ ਰਹੇ ਮੌਜੂਦਾ ਦੌਰ ਦੇ ਜਨਮਸਾਖੀਆਂ ਤੇ ਟਿਪਣੀਆਂ ਕਰਨ ਵਾਲੇ ਲਿਖਾਰੀਆ ਜਿਵੇ ਮਕਲੋਡ, ਪਿਆਰ ਸਿੰਘ, ਆਦਿ ਨੇ ਮੰਨਿਆ ਹੈ ਕਿ ਬੀ:40 ਜਾਂ ਆਦਿ ਸਾਖੀਆਂ ਸ਼੍ਰੇਣੀ ਪੁਰਾਤਨ ਨਾਲੋਂ ਜਿਆਦਾ ਪੁਰਾਨੀ ਹੈ।




1931 ਈ. ਵਿਚ ਸਾਈਕਲ ਯਾਤਰੀ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਤਸਵੀਰ ਖਿੱਚੀ। ਉਸ ਮੌਕੇ ਇਮਾਰਤ ਦੀ ਕਾਰਸੇਵਾ ਚਲ ਰਹੀ ਸੀ।

ਗਈ। ਸਵੇਰੇ ਦੁਨੀਆਂ ਇਕੱਠੀ ਹੋਣੀ ਸ਼ੁਰੂ ਹੋ ਗਈ। ਸਭ ਹਿੰਦੂ ਮੁਸਲਮਾਨ, ਗੱਲ ਕੀ, ਇਲਾਕਾ ਉਮੰਡ ਆਇਆ ਕਰਤਾਰਪੁਰ ਧਰਮਸਾਲ ਤੇ। ਹਰ ਕੋਈ ਕੁੱਸੇ ਦੇ ਬਿਸਤਰ ਨੂੰ ਮੱਥਾ ਟੇਕ ਰਿਹਾ ਸੀ। ਲੋਕ ਤਿੱਲ ਫੁਲ ਭੇਟ ਕਰ ਰਹੇ ਸਨ। ਭੇਟਾਵਾਂ ਦਾ ਅੰਬਾਰ ਲੱਗ ਗਿਆ।

### ਪਰ ਉਸ ਚਿਖਾ ਦਾ ਕੀ ਬਣਿਆ?

ਕਿਉਕਿ ਧਰਮਸਾਲ ਦੇ ਨੇੜੇ ਹੀ ਕੁਝ ਸਿੱਖਾਂ ਨੇ ਚਿਖਾ (ਲਕੜੀ ਦਾ ਢੇਰ) ਤਿਆਰ ਕੀਤੀ ਹੋਈ ਸੀ ਜਿਸ ਤੇ ਬਾਬਾ ਜੀ ਦੀ ਪਵਿਤ੍ਰ ਦੇਹੀ ਦਾ ਸਸਕਾਰ ਕਰਨਾ ਸੀ। ਕਰਤਾਰਪੁਰ ਵਿਖੇ ਇਹ ਉਹ ਅਸਥਾਨ ਤੇ ਸੀ ਜਿਥੇ ਅੱਜ ਕਲ ਬਾਬੇ ਦੀ ਮੜੀ ਜਾਂ ਸਮਾਧ ਬਣੀ ਹੋਈ ਹੈ। ਉਸ ਵੇਲੇ ਫਿਰ ਬਾਬਾ ਸ੍ਰੀ ਚੰਦ ਦੀ ਅਗਵਾਈ ਹੇਠ ਪ੍ਰਵਾਰ ਤੇ ਹੋਰ ਰਿਸਤੇਦਾਰਾਂ ਤਹਿ ਕੀਤਾ ਕਿ ਗੁਰੂ ਸਾਹਿਬ ਦੇ ਬਸਤਰ ਤੇ ਬਿਸਤਰ ਚਿੱਖਾ ਤੇ ਰੱਖ ਸਸਕਾਰ ਕਰ ਦਿੱਤਾ ਜਾਵੇ। ਕਿਉਕਿ ਚਿੱਖਾ ਦੇ ਬਰਕਰਾਰ

ਪੈੜ ਸਰਾ

## ਕਰਤਾਰਪੁਰ ਦੀ ਇਮਾਰਤ

ਜਿਵੇ ਪਿੱਛੇ ਆ ਚੁੱਕਾ ਪਹਿਲੀ ਪਹਿਲ ਧਰਮਸਾਲਾ ਛੰਨ ਵਿੱਚ ਬਣੀ ਸੀ। ਉਪਰੰਤ ਸੰਗਤਾਂ ਨੇ ਪੱਕੀ ਬਣਾਈ। 1583 ਈ ਵਿੱਚ ਇਹ ਧਰਮਸਾਲ ਰੁੜ ਗਈ। ਕਰਤਾਰਪੁਰ ਸਾਹਿਬ ਦੀ ਪਹਿਲੀ ਇਮਾਰਤ ਬਾਬਾ ਸ੍ਰੀ ਚੰਦ ਨੇ ਬਣਵਾਈ। ਉਪਰੰਤ ਭਾਈ ਨਾਨਕ ਚੰਦ ਨੇ। ਬਾਦ ਵਿੱਚ 1911 ਈ. ਲਾਲਾ ਸ਼ਾਮ ਦਾਸ ਸਿੰਧੀ ਨੇ ਕਰਤਾਰਪੁਰ ਸਾਹਿਬ ਦੀ ਇਮਾਰਤ ਬਣਵਾਈ। ਛੇਤੀ ਹੀ 1919-20 ਈ ਦੇ ਹੜਾਂ ਨੇ ਕਰਤਾਰਪੁਰ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਇਆ ਅਤੇ ਦਰਿਆ ਨੇ ਸਿੱਧਾ ਮੂੰਹ ਕਰਤਾਰਪੁਰ ਵਲ ਮੋੜ ਲਿਆ। ਓਦੋਂ ਫਿਰ ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਇੱਕ ਲੱਖ ਰੁਪਿਆ ਲਾ ਕੇ ਧੁੱਸੀ ਬੰਨ ਬਣਵਾਇਆ ਤੇ ਇਮਾਰਤ ਦੀ ਕਾਰਸੇਵਾ ਕਰਵਾਈ। ਸੰਗਤਾਂ ਨੇ ਇਸ ਮੋਕੇ + 30000 ਰੁਪਏ ਇਕੱਠੇ ਕੀਤੇ।

ਫਿਰ 1934 ਈ. ਵਿੱਚ ਇਮਾਰਤ ਦੁਬਾਰਾ ਬਣਾਈ ਗਈ। ਗੁਰਦੁਆਰਾ ਪ੍ਰਧਾਨ ਕਿਸ਼ਨ ਸਿੰਘ ਬੇਦੀ ਨੇ ਓਨੀ ਦਿਨੀ ਕਰਤਾਰਪੁਰ ਸਾਹਿਬ ਦੇ ਹਾਲਾਤਾਂ ਤੇ ਕਿਤਾਬਚਾ ਛਾਪਿਆ ਜਿਸ ਵਿੱਚ ਵਿਸਥਾਰ ਨਾਲ ਦਿੱਤਾ ਗਇਆ ਹੈ ਕਿਹਨੇ ਕਿੰਨੀ ਸੇਵਾ ਕੀਤੀ। 1934 ਵਿੱਚ ਜਦੋਂ ਧੰਨਾ ਸਿੰਘ ਸਾਈਕਲ ਯਾਤਰੀ ਵਾਲੇ ਕਰਤਾਰਪੁਰ ਸਾਹਿਬ ਪਹੁੰਚੇ ਤਾਂ ਅਜੇ ਇਮਾਰਤ ਦੀ ਪਹਿਲੀ ਮੰਜਲ ਹੀ ਤਿਆਰ ਹੋਈ ਸੀ।

21ਨਵੰਬਰ ਸੰਨ 1931 ਨੂੰ ਮੌਕੇ ਤੇ ਹਾਜਰ ਭਾਈ ਧੰਨਾ ਸਿੰਘ ਸਾਈਕਲ ਯਾਤਰੀ ਨੇ ਗੁਰਦੁਆਰਾ ਸਾਹਿਬ ਦੇ ਹਾਲਾਤ ਕੁਝ ਇਸ ਤਰਾਂ ਬਿਆਨ ਕੀਤੇ ਹਨ: (ਪੰਨਾ- 342)

"ਡੇਰਾ ਬਾਬਾ ਨਾਨਕ ਤੋਂ 3 ਮੀਲ ਉਤਰ ਦੀ ਤਰਫ ਕਰਤਾਰਪੁਰ ਪਹੁੰਚਾ। ਗੁਰਦੁਆਰੇ ਦੀ ਪ੍ਰਕਰਮਾ ਵਿੱਚ ਗੁਰੂ ਜੀ ਦੇ ਵਕਤਾਂ ਦੀ ਇੱਕ ਟਾਹਲੀ ਖੜੀ ਹੈ ਤੇ ਗੁਰਦਵਾਰਾ ਨਵਾਂ ਪੈ ਰਿਹਾ ਹੈ। ਜੋ ਕਿ ਹਾਲੀ ਪਹਿਲੀ ਮੰਜਲ ਬਨੀ ਹੈ। ਜੋ ਕਿ ਦੋ ਹੋਰ ਬਨ ਕੇ 80 ਫੁੱਟ ਗੁੰਮਟ ਨਿਕਲ ਕੇ ਤਾਂ ਗੁਰਦਵਾਰਾ ਮੁਕੰਮਲ ਹੋਵੇਗਾ। ਪੈਹਲੇ ਗੁਰੂ ਜੀ 1569 ਸੰਨ ਬਿਕਰਮੀ (1512 ਈ.) ਵਿੱਚ ਆਏ ਸਨ ਤੇ ਨੀਂਹ ਰੱਖ ਕੇ ਚਲੇ ਗਏ ਸਨ ਤੇ ਫਿਰ ਦੇਸਾਂ ਵਿਚੋਂ 10 ਸਾਲ ਬਾਦ ਆਏ ਸਨ: ਬਿਕਰਮੀ ਸੰਨ 1579 (1522 ਈ) ਵਿੱਚ ਆਏ ਸੀ ਤੇ ਕੁਲ 18 ਸਾਲ ਰਹੇ ਸਨ। ਤੇ ਬਾਬਾ ਜੀ 1596 ਬਿ. ਵਿੱਚ ਜੋਤੀ ਜੋਤ ਸਮਾਏ ਸਨ। ਬਾਬਾ ਜੀ ਨੇ ਕਰਤਾਰਪੁਰ ਨੂੰ ਅਬਾਦ ਕਰਨ ਦੇ ਸਮੇਂ ਆਪਨਾ ਪ੍ਰਵਾਰ 1578 ਬਿ. ਵਿੱਚ ਮੰਗਾ ਲਿਆ ਸੀ। ".. ਇਸ ਜਗਾ ਕਿੱਕਰਾਂ ਤੋਂ ਮਿਠਿਆਈ ਤੁੜਵਾਈ ਸੀ) ਦੀਵਾਨ ਹਰ ਸੰਗਰਾਂਦ ਤੇ ਮੱਸਿਆ ਨੂੰ ਲੱਗਦਾ ਹੈ। ਅਤੇ ਅੱਸੂ ਸੁਦੀ ਦਸਵੀ ਤੇ ਵਸਾਖੀ ਨੂੰ ਭਾਰੀ ਦੀਵਾਨ ਲੱਗਦਾ ਹੈ। ਚੇਤ੍ਰ ਚੌਦਸ ਨੂੰ ਭੀ ਭਾਰੀ ਦੀਵਾਨ ਲੱਗਦਾ ਹੈ।"

"ਇਸ ਜਗਾ ਪਹਿਲੈ ਨਿਹੰਗ ਸਿੰਘ ਸੇਵਾ ਕਰਦੇ ਸਨ। (ਭਾਵ ਸਿੱਖ ਰਾਜ ਵੇਲੇ) ਫਿਰ ਇੱਕ ਮਾਈ ਰਾਜ ਕੌਰ ਹੀ ਰਹਿ ਗਈ। ..ਫਿਰ ਸੰਗਤ ਨੇ ਡੇਰਾ ਬਾਬਾ ਨਾਨਕ ਵਾਲੇ ਮਹੰਤ ਹਰੀ ਦਾਸ ਉਦਾਸੀ ਨੂੰ ਮੁਕੱਰਰ ਕਰ ਦਿੱਤਾ.. ਅਖੀਰ ਮਹੰਤ ਕੌਲ ਦਾਸ ਨੂੰ 1919 ਈ (?) ਦੇ ਹੜਾਂ ਵੇਲੇ। ਓਦੋਂ ਰਾਵੀ ਦਰਿਆ ਗੁਰਦੁਆਰੇ ਤੋਂ ਸਿਰਫ 9 ਫੁੱਟ ਹਟਵਾ ਰਹਿ ਗਇਆ ਸੀ। ਤਾਂ ਫਿਰ ਸੰਗਤ ਨੇ ਬਹੁਤ ਸੇਵਾ ਕਰਕੇ ਦਰਿਆ ਨੂੰ ਪਿੱਛੇ ਹਟਾਇਆ। ਇਸ ਸੇਵਾ ਵਿੱਚ ਮਹਾਰਾਜਾ ਪਟਿਆਲੇ ਨੇ ਇੱਕ ਲੱਖ 35 ਹਜਾਰ ਰੁਪਏ ਸਨ। ਚੀਫ ਖਾਲਸਾ ਨੇ ਖਾਸ ਉਦਮ ਕੀਤਾ ਸੀ ਤੇ ਹੋਰ ਧਨਾਢ ਸਿੱਖ ਸਰਦਾਰਾਂ ਤੇ ਬੇਦੀਆਂ ਨੇ ਬਹੁਤ ਸੇਵਾ ਕੀਤੀ ਸੀ। ਇਸ ਮੌਕੇ ਫਿਰ ਗੁਰਦੁਆਰੇ ਅਕਾਲੀ ਸਿੱਖਾਂ ਦੇ ਹੱਥ ਵਿੱਚ ਆ ਗਏ। ਇਸ ਇਲਾਕੇ ਵਿੱਚ ਦੂਰ ਦੂਰ ਤੋਂ ਆ ਕੇ ਮਰੇ ਹੋਇਆਂ ਦੇ ਫੁੱਲ ਰਾਵੀ ਵਿੱਚ ਕਰਤਾਰਪੁਰ ਪਾਉਂਦੇ ਹੈ ਤੇ ਕੜਾਹ ਪ੍ਰਸਾਦਿ ਕਰਾ ਕੇ ਘਰ ਨੂੰ ਚਲੇ ਜਾਂਦੇ ਹੈ।"

1965 ਅਤੇ 1971 ਦੀਆਂ ਜੰਗਾਂ ਵੇਲੇ ਇਮਾਰਤ ਨੂੰ ਵੱਡਾ ਨੁਕਸਾਨ ਪਹੁੰਚਾ ਸੀ। ਫੌਜਾਂ ਨੇ ਇਸ ਪਵਿਤ੍ਰ ਇਮਾਰਤ ਤੇ ਬੰਬਾਰੀ ਕੀਤੀ ਸੀ। ਅੱਜ ਵੀ ਪਾਕਿਸਤਾਨੀ ਸਰਕਾਰ ਨੇ ਉਹ ਬੰਬ ਸਾਂਭ ਕੇ ਰੱਖੇ ਹੋਏ ਨੇ ਜੋ ਕਰਤਾਰਪੁਰ ਤੇ ਸੁੱਟੇ ਗਏ। ਦੂਸਰੇ ਪਾਸੇ ਪਾਕਿਸਤਾਨੀ ਫੌਜ ਨੇ ਵੀ ਘੱਟ ਨਾਂ ਕੀਤੀ। ਕਰਤਾਰਪੁਰ ਦੇ ਦੱਖਣ- ਪੱਛਮ ਵਿੱਚ ਰੱਤੜ ਛੱਤੜ ਪਿੰਡ ਵਿੱਚ ਚਾਰ ਮੰਜਲੀ ਪ੍ਰਸਿੱਧ ਸੂਫੀ ਦਰਗਾਹ ਹੈ ਜਿਸ ਤੇ ਪਾਕਿਸਤਾਨ ਫੌਜ ਨੇ ਬੰਬਾਰੀ ਕੀਤੀ।

ਸੋ ਕਰਤਾਰਪੁਰ ਸਾਹਿਬ ਜੋ ਸਰਹੱਦ ਤੋਂ ਸਿਰਫ ਚਾਰ ਕਿ. ਮੀ. ਅਤੇ ਕਿਸੇ ਉਚੀ ਥਾਂ ਤੋਂ ਨਜਰ ਵੀ ਆਉਦਾ ਹੈ ਸਿੱਖ ਸੰਗਤਾਂ ਤੋਂ ਵਿਛੜਿਆ ਰਿਹਾ।

## ਲਾਂਘੇ ਦੀ ਕਹਾਣੀ
## ਕਿਵੇ ਸ਼ੁਰੂ ਹੋਇਆ ਅਤੇ ਕਿਵੇ ਜੱਦੋਜਹਿਦ ਚਲੀ

(ਨਾਲੇ ਪੜੋ ਇਸ ਮੂਰਖ ਲਿਖਾਰੀ ਤੇ ਕਿਵੇ ਬਾਬਾ ਮਿਹਰਬਾਨ ਹੋਇਆ ?)ਸਾਡੇ ਨਾਨਕਿਆਂ ਦੇ ਰਾਹ ਵਿਚ ਕਰਤਾਰਪੁਰ ਪੈਂਦਾ ਸੀ। ਮਾਸੀ ਦਾ ਪਿੰਡ ਕਰਤਾਰਪੁਰ ਦੇ ਲਾਗੇ ਸੀ: ਕੱਕੇਕੇ। ਕੱਕੇਕੇ, ਪੱਖੋਕੇ ਤੋਂ ਨਿਕਲ ਕੇ ਹੀ ਬਣਿਆ ਸੀ। ਮੇਰੀ ਮਾਂ ਬੜੇ ਮਾਣ ਨਾਲ ਕਿਹਾ ਕਰਦੀ ਸੀ ਕਿ ਅਸੀ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਦੀਆਂ ਰਾਣੀਆਂ (ਕੈਪਟਨ ਅਮਰਿੰਦਰ ਸਿੰਘ ਦੀਆਂ ਦਾਦੀਆਂ) ਨਾਲ 1928-30 ਵਿਚ ਕਰਤਾਰਪੁਰ ਦੀ ਹੋਈ ਕਾਰਸੇਵਾ ਵਿਚ ਹਿੱਸਾ ਲਿਆ ਸੀ। ਲਗ ਪਗ ਓਨਾਂ ਹੀ ਦਿਨਾਂ ਵਿਚ ਦਰਿਆ ਰਾਵੀ ਤੇ ਦੋ ਮੰਜਲਾ ਪੁਲ ਬਣਿਆ ਸੀ ਜਿਸ ਬਾਬਤ ਵੀ ਇਲਾਕੇ ਵਿਚ ਬੜੀਆਂ ਦੰਦ ਕਥਾਵਾਂ ਮਸ਼ਹੂਰ ਸਨ ਕਿ ਨੀਂਹ ਪੁੱਟਦਿਆਂ ਇਕ ਵੱਡੀ ਪੇਟੀ ਨਿਕਲੀ ਸੀ। ਫਿਰ ਇਸ ਲਿਖਾਰੀ ਦਾ ਸਰਹੱਦੀ ਪਿੰਡ ਅਲਾਵਲਪੁਰ, ਹਾਲਾਂ ਕਰਤਾਰਪੁਰ ਸਾਹਿਬ ਤੋਂ 9 ਕਿ. ਮੀ. ਹਟਵਾ ਹੈ ਪਰ 1965 ਦੀ ਜੰਗ ਤੋਂ ਪਹਿਲਾਂ ਕਰਤਾਰਪੁਰ ਦੀ ਉੱਚੀ ਇਮਾਰਤ ਦਾ ਗੁੰਬਦ ਪਿੰਡੋ ਹੀ ਨਜਰ ਆਇਆ ਕਰਦਾ ਸੀ। ਮਾਤਾ ਗੁਰਚਰਨ ਕੌਰ, ਕਰਤਾਰਪੁਰ ਬਾਰੇ ਬਹੁਤ ਕਹਾਣੀਆਂ ਦੱਸਿਆ ਕਰਦੀ ਸੀ। ਦਾਦੇ ਦੇ ਭਰਾ ਬੂੜ ਸਿੰਘ ਦਾ ਜਦੋਂ 1963 ਵਿਚ ਚਲਾਣਾ ਹੋਇਆ ਤਾਂ ਉਹਦੇ ਫੁਲ ਤਾਰਨ ਮੇਰੇ ਤਾਏ ਮੱਲਾ ਸਿੰਘ ਅਤੇ ਹਜਾਰਾ ਸਿੰਘ ਮੈਨੂੰ ਵੀ ਸਰਹੱਦ ਪਾਰ ਰਾਵੀ ਤਕ ਲੈ ਗਏ। ਉਦੋਂ ਕਰਤਾਰਪੁਰ ਸਾਹਿਬ ਦੂਰੋਂ ਇਉ ਲਗ ਰਿਹਾ ਸੀ ਜਿਵੇ ਰਾਵੀ ਉਤੇ ਤਰ ਰਿਹਾ ਹੈ। ਇਹ ਨਜ਼ਾਰਾ ਹਿਰਦੇ ਵਿਚ ਬਹਿ ਗਇਆ। ਦਾਸ ਉਦੋਂ ਮਸਾਂ 12 ਸਾਲ ਦਾ ਸੀ।

1994 ਵਿਚ ਪਾਕਿਸਤਾਨ ਗੁਰਧਾਮਾਂ ਦੀ ਯਾਤਰਾ ਵਿਚ ਜਾਣ ਵਾਲੇ ਸ਼ਰਧਾਲੂ ਕੋਈ 3000 ਸਨ ਤੇ ਜਥੇ ਦੇ ਆਗੂ ਮਨਜੀਤ ਸਿੰਘ ਕਲਕੱਤਾ ਸਕੱਤਰ ਸ਼੍ਰੋਮਣੀ ਕਮੇਟੀ ਸਨ। ਦਾਸ ਨੂੰ ਵੀ ਇਸ ਜਥੇ ਨਾਲ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਓਦੋਂ ਇਹ ਲਿਖਾਰੀ ਈ ਐਸ ਆਈ ਸੀ (ਕੇਂਦਰ ਸਰਕਾਰ ਦਾ ਕਾਰਖਾਨਿਆਂ ਨਾਲ ਸਬੰਧਤ ਮਹਿਕਮਾ) ਵਿਚ ਬਤੌਰ ਮੈਨੇਜਰ ਬਟਾਲੇ ਲੱਗਾ ਹੋਇਆ ਸੀ। ਅਟਾਰੀ ਤੋਂ ਦੁਪਿਹਰ ਦੀ ਚਲੀ ਰੇਲ ਅਗਲੇ ਸਵੇਰੇ 4 ਵਜੇ ਪੰਜਾ ਸਾਹਿਬ ਪਹੁੰਚੀ।

ਵੈਸਾਖੀ (14 ਅਪ੍ਰੈਲ 1994) ਨੂੰ ਬੇਨਜ਼ੀਰ ਭੁੱਟੋ ਸਰਕਾਰ ਦੇ ਵਜੀਰ ਸਰਦਾਰ ਫਤਹਿ ਮੁਹੰਮਦ ਹਸਨੀ (ਬਲੋਚ) ਤੇ ਔਕਾਫ ਬੋਅਡ ਦੇ ਆਲਾ ਅਫਸਰ ਸਵੇਰੇ ਹੀ ਜਥੇ ਦਾ ਸਵਾਗਤ ਕਰਨ ਪੰਜਾ ਸਾਹਿਬ ਵਿਖੇ ਪਹੁੰਚੇ। ਹਸਨੀ ਜਦੋਂ ਸੰਗਤ ਨੂੰ ਸੰਬੋਧਨ ਕਰ ਰਿਹਾ ਸੀ ਤਾਂ ਉਨੂੰ ਕੋਈ ਵੀ ਸੁਣਨ ਨੂੰ ਤਿਆਰ ਨਹੀ ਸੀ। ਜਿਆਦਾਤਰ ਸੰਗਤ ਖੜੀ ਸੀ। ਇਸ

ਰਹਿਣ ਨੂੰ ਲੋਕੀ ਵਹਿਮ ਮੰਨਦੇ ਸਨ ਕਿ ਜੇ ਇਹ ਬਾਲੀ ਨਾਂ ਗਈ ਤਾਂ ਚਿਖਾ ਨੇ ਕੋਈ ਹੋਰ ਲਾਸ਼ ਮੰਗ ਲੈਣੀ ਹੈ। ਮਤਲਬ ਕਿਸੇ ਹੋਰ ਦੀ ਮੌਤ ਹੋ ਸਕਦੀ ਹੈ।

ਗੁਰਸਿੱਖਾਂ ਦੇ ਵਿਰੋਧ ਦੇ ਬਾਵਜੂਦ ਪ੍ਰਵਾਰ ਅਤੇ ਰਿਸ਼ਤੇਦਾਰਾਂ ਯੋਜਨਾ ਬਣਾਈ ਕਿ ਚਿਖਾ ਜਲਾਉਣ ਉਪਰੰਤ ਮੜੀ ਵੀ ਬਣਾ ਲਈ ਜਾਵੇ। ਕਿਉਕਿ ਲੋਕਾਈ ਨੂੰ ਕੋਈ ਥਾਂ ਚਾਹੀਦੀ ਹੁੰਦੀ ਹੈ ਜਿੱਥੇ ਉਹ ਮੱਥਾ ਟੇਕ ਸਕੇ। ਚੜ੍ਹਤ ਚੜਾਵਾ ਫਿਰ ਮੱਥਾ ਟੇਕਣ ਨਾਲ ਹੀ ਆਉਦਾ ਹੈ। ਸਿਧਾਂਤਵਾਦੀ ਗੁਰਸਿੱਖ ਇਸ ਸਾਰੀ ਗਲ ਦਾ ਲਗਾਤਾਰ ਵਿਰੋਧ ਕਰ ਰਹੇ ਸਨ ਕਿਉਕਿ ਗੁਰੂ ਸਾਹਿਬ ਗੋਰਾਂ ਮੜੀਆਂ ਦੇ ਪੂਜਣ ਦੇ ਸਖਤ ਵਿਰੋਧੀ ਸਨ।





1997 ਈ. ਤੋਂ ਪਹਿਲਾਂ ਦਾ ਕਰਤਾਰਪੁਰ। ਦੁਆਲੇ ਦੇ ਗੁੰਬਦ ਬੰਬਾਰੀ ਵਿਚ ਢਾਹੇ ਜਾ ਚੁੱਕੇ ਸਨ। ਦੁਆਲੇ ਜੰਗਲ ਜਿਹਾ ਬਣਿਆ ਹੋਇਆ ਸੀ। 1954 ਈ ਤੋਂ 1970 (ਲਗ ਪਗ) ਇਕ ਮੁਸਲਮਾਨ ਫੌਜੀ ਸੇਵਾ ਕਰਦਾ ਹੁੰਦਾ ਸੀ। ਬਾਦ ਵਿਚ ਪਿੰਡ ਕੋਠੇ ਦੇ ਈਸਾਈ ਸ਼ਾਮ ਨੂੰ ਆ ਕੇ ਦੀਵਾ ਬਾਲਦੇ ਰਹੇ ਨੇ।

ਹੇਠਾਂ-1927-28 ਵਿਚ ਬਣਿਆ ਰਾਵੀ ਉਤੇ ਕਰਤਾਰਪੁਰ ਪੁਲ ਜੋ 1965 ਅਤੇ 1970 ਦੀਆਂ ਭਾਰਤ- ਪਾਕ ਜੰਗਾਂ ਮੌਕੇ ਬੰਬਾਂ ਨਾਲ ਤਬਾਹ ਕੀਤਾ ਗਇਆ ਸੀ। ਕਿਉਕਿ ਪੂਰਾ ਪੁਲ ਲੋਹੇ ਦਾ ਸੀ ਬਾਦ ਵਿਚ ਇਹਨੂੰ ਉਖਾੜ ਕੇ ਰੱਦੀ ਦੇ ਭਾਅ ਵੇਚ ਦਿੱਤਾ ਗਇਆ। ਹੇਠਲੀ ਤਸਵੀਰ ਹੁਣ ਦੀ ਹੈ ਜਿਥੇ ਅੱਜ ਸਿਰਫ ਪੁਲ ਦੇ ਥੰਮੇ ਬਚੇ ਨਜਰ ਆ ਰਹੇ ਨੇ।





ਇਸ ਹਾਲਾਤ ਵਿੱਚ ਫਿਰ ਗੁੱਜਰ ਪਠਾਣ, ਸ਼ੇਖ ਮਾਲੋ, ਉਮਰੇ ਖਾਂ ਜਿਹੇ ਮੁਸਲਮਾਨਾਂ ਨੇ ਵੀ ਉਜਰ ਕਰ ਦਿੱਤਾ ਕਿ ਜਦੋਂ ਗੁਰੂ ਸਾਹਿਬ ਮੜ੍ਹੀਆਂ ਮਸਾਣਾਂ ਪੂਜਣ ਦੇ ਖਿਲਾਫ ਸਨ ਤਾਂ ਤੁਸੀ ਚਾਦਰ ਅਤੇ ਬਿਸਤ੍ਰ ਦਾ ਸਸਕਾਰ ਕਰਕੇ ਮੜੀ ਕਿਵੇ ਬਣਾ ਸਕਦੇ ਹੋ?

ਪਰ ਪ੍ਰਵਾਰ ਕਿਸੇ ਵੀ ਸੂਰਤ ਵਿੱਚ ਚਿਣੀ ਹੋਈ ਚਿਖਾ ਨੂੰ ਬਰਕਰਾਰ ਨਹੀ ਸੀ ਰੱਖਣਾ ਚਾਹੁੰਦਾ। ਚਿੱਖਾ ਦੀ ਲਕੜੀ ਨੂੰ ਹੋਰ ਕਿਸੇ ਕੰਮ ਵਰਤਣਾ ਵੀ ਕਲੈਹਣਾ ਗਿਣਿਆ ਜਾਂਦਾ ਸੀ।

ਪੈੜ ਸਫ਼ਾ

ਲਿਖਾਰੀ ਨੇ ਕਲਕੱਤਾ ਨੂੰ ਸੁਚੇਤ ਕੀਤਾ ਕਿ ਇਹ ਅਗਲੇ ਦੀ ਬੇਇਜਤੀ ਹੋ ਰਹੀ ਹੈ। ਕੱਲਕਤੇ ਨੇ ਮੈਨੂੰ ਹੁਕਮ ਕਰ ਦਿਤਾ ਕਿ ਤੂੰ ਸੰਗਤ ਨੂੰ ਬੈਠਾ ਕੇ ਵੇਖ ਲੈ ਜੇ ਕੋਈ ਬਹਿੰਦਾ ਹੈ ਤਾਂ।

ਮੈਂ ਵਜੀਰ ਨੂੰ ਬੇਨਤੀ ਕਰਕੇ ਮਾਈਕ ਆਪਣੇ ਹੱਥ ਲਿਆ ਤੇ ਸੰਗਤ ਨੂੰ ਵਜੀਰ ਦੀ ਅਹਿਮੀਅਤ ਬਾਰੇ ਦੱਸਿਆ। ਸੰਗਤ ਬਹਿ ਗਈ ਤੇ ਬੜੇ ਪਿਆਰ ਸਤਿਕਾਰ ਨਾਲ ਪਾਕਿਸਤਾਨੀ ਵਜੀਰ ਦੀ ਗਲ ਸੁਣੀ। ਉਹ ਬਾਰ ਬਾਰ ਕਹਿ ਰਿਹਾ ਸੀ ਕਿ ਅਸੀ ਪਿਛਲੇ ਖਰਵੇ ਇਤਹਾਸ ਤੇ ਮਿੱਟੀ ਪਾ ਕੇ ਸਿੱਖਾਂ ਨਾਲ ਚੰਗੇ ਸਬੰਧ ਬਣਾਉਣ ਦੇ ਚਾਹਵਾਨ ਹਾਂ।



ਸਰਦਾਰ ਫਤਹਿ ਮੁਹੰਮਦ ਹਸਨੀ ਦੀ 4 ਸਾਲ ਪਹਿਲਾਂ ਦੀ ਤਸਵੀਰ।

ਦੀਵਾਨ ਉਪਰੰਤ ਗੁਰਦੁਆਰਾ ਪ੍ਰਬੰਧਕਾਂ ਵਲੋਂ ਵਜੀਰ ਦੇ ਸਤਿਕਾਰ ਵਿਚ ਚਾਹ ਪਾਣੀ ਰੱਖਿਆ ਹੋਇਆ ਸੀ। ਜਿਵੇ ਅਗਲਿਆਂ ਨੂੰ ਅਹਿਸਾਸ ਹੋਇਆ, ਪਾਕਿਸਤਾਨੀ ਅਫਸਰਾਂ ਇਸ ਲਿਖਾਰੀ ਨੂੰ ਵੀ ਸ਼ਾਮਲ ਹੋਣ ਲਈ ਸੱਦਾ ਦਿੱਤਾ। ਚਾਹ ਪਾਣੀ ਮੌਕੇ ਪਾਕਿਸਤਾਨੀ ਅਫਸਰਾਂ ਗਿਲਾ ਕੀਤਾ ਕਿ ਸਿੱਖ ਲੋਕ ਬਹੁਤ ਭੋਲੇ ਹਨ, ਸਾਡੇ ਮਾਣਯੋਗ ਵਜੀਰ ਦੀ ਬੇਇਜਤੀ ਕਰ ਦਿਤੀ ਹੈ ਜਿਹੜਾ ਉਹਨਾਂ ਨੂੰ ਸੁਣ ਨਹੀ ਸੀ ਰਹੇ। ਹਾਲਾਂ ਕਸੂਰ ਵਜੀਰ ਦਾ ਸੀ ਛੋਟੀ ਉਮਰ ਦਾ, ਰਾਜਨੀਤੀ ਤੋਂ ਉਹ ਬਿਲਕੁਲ ਅਨਾੜੀ ਲਗਦਾ ਸੀ ਓਦੋਂ। ਪੰਜਾਬੀ ਤਾਂ ਛੱਡੋ, ਉਹ ਉੜਦੂ ਵੀ ਨਹੀ ਸੀ ਚੰਗੀ ਤਰਾਂ ਬੋਲ ਪਾ ਰਿਹਾ।

ਅਸਾਂ ਪਾਕਿਸਤਾਨੀ ਅਫਸਰ ਨੂੰ ਕਿਹਾ ਕਿ ਇਥੋਂ ਦਾ ਇੰਤਜਾਮ ਤੁਹਾਡਾ ਹੈ। ਸੰਗਤ ਨੂੰ ਜਿਵੇ ਕਹੋਗੇ ਲੋਕ ਓਸੇ ਤਰਾਂ ਕਰਦੇ ਹਨ। ਵੇਖੋ ਨਾਂ ਅਸੀ ਜਦੋਂ ਸੰਗਤ ਨੂੰ ਕਿਹਾ ਤਾਂ ਸਾਰਿਆਂ ਨੇ ਚੁੱਪ ਚਾਪ ਵਜੀਰ ਦੀ ਗਲ ਸੁਣੀ ਹੈ। ਅਫਸਰ ਫਿਰ ਵੀ ਜਿੱਦ ਕਰ ਰਿਹਾ ਸੀ ਕਿ ਨਹੀ ਸਿੱਖ ਹੁੰਦੇ ਹੀ ਮੂਰਖ ਨੇ। ਬਸ ਇਥੋਂ ਹੀ ਗਲ ਅੱਗੇ ਤੁਰ ਪਈ। ਅਸੀ ਕਿਹਾ ਕਿ ਤੁਸੀ ਵੀ ਕਿਹੜੇ ਸਿਆਣੇ ਹੋ। ਇਕ ਪਾਸੇ ਤੁਸੀ ਕਹਿ ਰਹੇ ਹੋ ਕਿ ਅਸੀ ਸਿੱਖਾਂ ਨਾਲ ਸਬੰਧ ਸੁਧਾਰਨਾ ਚਾਹੁੰਦੇ ਹਾਂ ਪਰ ਉਹ ਚੀਜਾਂ ਸਿੱਖਾਂ ਨੂੰ ਨਹੀ ਵਿਖਾਉਦੇ ਜਿਸ ਨਾਲ ਸਿੱਖ-ਮੁਸਲਿਮ ਨੇੜਤਾ ਹੋਵੇ।

ਸਾਡੀ ਇਸ ਗਲ ਨੇ ਸਬੰਧਿਤ ਪਾਕਿਸਤਾਨੀ ਅਫਸਰਾਂ ਦੀ ਹਾਲਤ ਖਸਤਾ ਕਰ ਦਿੱਤੀ। ਉਹ ਫਿਰ ਵੀ ਕਹਿ ਰਹੇ ਸਨ ਕਿ ਨਹੀ ਜੀ ਸਿੱਖ ਹੁੰਦੇ ਹੀ ਝੱਲੇ ਨੇ।

ਗਲ ਨੇ ਕੁਝ ਅਜਿਹਾ ਮੋੜ ਲਿਆ ਕਿ ਅਸਾਂ ਨੂੰ ਕਹਿਣਾ ਪੈ ਗਇਆ ਕਿ ਮੁਸਲਮਾਨ ਵੀ ਤਾਂ ਸਾਡੇ ਹੀ ਭਰਾ ਹਨ, ਸਿਆਣੇ ਨਹੀ ਹਨ। ਉਸ ਵਕਤ ਫਿਰ ਕਲਕੱਤੇ ਨੇ ਮੈਨੂੰ ਉਤਸ਼ਾਹ ਦਿੱਤਾ ਕਿ ਕਰੋ ਗਲ, ਦੱਸੋ ਕਿਵੇ ਪਾਕਿਸਤਾਨੀ ਮੂਰਖ ਹਨ। ਗਲ ਠੱਠੇ ਮਖੌਲ ਵਿਚ ਹੋ ਤੁਰੀ। ਫਿਰ ਇਸ ਦਾਸਰੇ ਨੇ ਕਰਤਾਰਪੁਰ ਸਾਹਿਬ ਬਾਰੇ ਸਾਰੀ ਅਵਸਥਾ ਬਿਆਨ ਕੀਤੀ। ਕਿ ਇਕ ਪਾਸੇ ਤੁਸੀ ਸਿੱਖਾਂ ਦੇ ਮੁਸਲਮਾਨਾਂ ਨਾਲ ਸਬੰਧ ਸੁਧਾਰਨਾ ਚਾਹੁੰਦੇ ਹੋ ਦੂਸਰੇ ਪਾਸੇ ਉਹ ਥਾਵਾਂ ਨਹੀ ਵਿਖਾਉਦੇ ਜਿੰਨਾਂ ਨਾਲ ਸਿੱਖ-ਮੁਸਲਿਮ ਪ੍ਰੇਮ ਵਧੇ।

ਪਾਕਿਸਤਾਨੀਆਂ ਅਫਸਰਾਂ ਦੇ ਪੁੱਛਣ ਤੇ ਅਸਾਂ ਉਹਨਾਂ ਨੂੰ ਸੁਝਾਅ ਦਿੱਤਾ ਕਿ ਗੁਰੂ ਨਾਨਕ ਪਾਤਸ਼ਾਹ ਦੀ ਕਬਰ ਦੇ ਦਰਸ਼ਨ ਵੀ ਕਰਵਾਇਆ ਕਰੋ ਸੰਗਤਾਂ ਨੂੰ। ਉਹ ਪੁੱਛਣ ਲੱਗ ਪਏ, "ਕਿੱਥੇ ਹੈ ਕਬਰ?" ਅਸਾਂ ਕਿਹਾ ਪਾਕਿਸਤਾਨ ਵਿਚ। ਬਾਰ ਬਾਰ ਉਹਨਾਂ ਦੇ ਪੁੱਛਣ ਤੇ ਅਸਾਂ ਉਹਨਾਂ ਨੂੰ ਅਹਿਸਾਸ ਕਰਵਾਇਆ ਕਿ ਉਹ ਵੀ ਤਾਂ ਸਾਡੇ ਹੀ ਭਰਾ ਹਨ।

ਜਦੋਂ ਪਾਕਿਸਤਾਨੀਆਂ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੀ ਕਬਰ ਵੀ ਹੈਗੀ ਆ ਅਤੇ ਉਹ ਵੀ ਪਾਕਿਸਤਾਨ ਵਿਚ ਤਾਂ ਉਹਨਾਂ ਨੂੰ ਤਾਂ ਚਾਅ ਚੜ੍ਹ ਗਿਆ। ਸਾਡੇ ਕੋਲੋ ਸਾਰੀ ਤਫਸੀਲ ਓਨਾਂ ਹਾਸਲ ਕੀਤੀ। ਸਾਡੀ ਇਹ ਗਲ ਸੁਣਕੇ ਪਾਕਿਸਤਾਨੀਆਂ ਨੇ ਮੂੰਹ ਤੇ




2002 ਵਿਚ ਜਦੋਂ ਐਮ ਐਲ ਏ ਸੁਖਜਿੰਦਰ ਸਿੰਘ ਰੰਧਾਵਾ ਵਲੋਂ ਲਾਂਘਾ ਗੇਟ ਦਾ ਨਿਰਮਾਣ ਸ਼ੁਰੂ ਕਰਨ ਤੇ ਅਸੀ ਮੌਕਾ ਵੇਖਣ ਗਏ ਤਾਂ ਮਾਤਾ ਗੁਰਚਰਨ ਕੌਰ ਸਾਡੇ ਨਾਲ ਸੀ। ਕਰੇਨ ਦੇ ਨਾਲ ਹੀ ਜਦੋਂ ਅਸੀ ਤਸਵੀਰ ਲੈਣੀ ਚਾਹੀ ਤਾਂ ਮਾਤਾ ਨੇ ਕਿਹਾ ਮੇਰੀ 'ਫੋਟੂ' ਰਹਿਣ ਦੇ। ਏਸੇ ਥਾਂ ਤੇ ਹੀ ਫਿਰ ਗੇਟ ਬਣਿਆ ਸੀ। ਬਾਦ ਵਿਚ ਰੰਧਾਵਾ ਚੋਣ ਹਾਰ ਗਇਆ ਤਾਂ ਉਸ ਨੇ ਸਮਝਿਆ ਕਿ ਕੁਝ ਲੋਕ (ਹਿੰਦੂ ਵੋਟਰ) ਲਾਂਘਾ ਨਹੀ ਚਾਹੁੰਦੇ ਜਿੰਨਾਂ ਉਹਨੂੰ ਹਰਾਇਆ ਹੈ ਇਸ ਕਰਕੇ ਲਾਂਘਾ ਅੰਦੋਲਨ ਤੋਂ ਆਪਣੇ ਹੱਥ ਪਿੱਛੇ ਖਿੱਚ ਲਏ। ਗੇਟ ਬਣਾਉਣਾ ਵਿਚੇ ਰੋਕ ਦਿੱਤਾ ਜੋ ਅੱਜ ਤਕ ਅਧੂਰਾ ਪਿਆ ਹੈ। 2001 ਵਿਚ ਏਸੇ ਰੰਧਾਵਾ ਨੇ ਕਰਤਾਰਪੁਰ ਦੇ ਪੋਸਟਰ ਛਪਵਾਉਣ ਵਿਚ ਮਦਦ ਕੀਤੀ ਸੀ। ਇਹਨਾਂ ਲੋਕਾਂ ਦਾ ਆਪਣਾ ਕੋਈ ਸਟੈਂਡ ਨਹੀ। ਇਹ ਹਵਾ ਦੇ ਰੁੱਖ ਅਨੁਸਾਰ ਹੀ ਝੂਲਦੇ ਨੇ।

ਫਿਰ 2007 ਅਤੇ 2012 ਵਿਚ ਵੀ ਰੰਧਾਵਾ ਜਿੱਤ ਗਏ ਪਰ ਸਰਕਾਰ ਅਕਾਲੀ ਦਲ ਦੀ ਸੀ। ਅਕਾਲੀ ਦਲ ਨੇ ਗੁੱਸੇ ਵਿਚ ਆ ਕੇ ਪਵਿਤ੍ਰ ਨਗਰੀ ਡੇਰਾ ਬਾਬਾ ਨਾਨਕ ਦੀਆਂ ਸੜਕਾਂ ਨੂੰ ਨਜਰ ਅੰਦਾਜ਼ ਕਰ ਦਿੱਤਾ ਜਿਸ ਕਾਰਨ ਇਥੇ ਲਗਦੇ ਮੇਲੇ ਦੌਰਾਨ ਸ਼ਰਧਾਲੂਆਂ ਨੂੰ ਵੱਡੀ ਤੰਗੀ ਹੁੰਦੀ ਸੀ। ਡੇਰਾ ਬਾਬਾ ਨਾਨਕ ਵਿਖੇ ਵਿਸਾਖੀ ਤੇ ਵੀ ਵੱਡਾ ਮੇਲਾ ਲਗਿਆ ਕਰਦਾ ਸੀ ਅਕਾਲੀ ਦਲ ਦੀ ਬੇਰੁਖੀ ਕਾਰਨ ਉਹ ਖਤਮ ਹੋ ਚੁੱਕਾ ਹੈ। ਚੋਲੇ ਦੇ ਮੇਲੇ ਤੇ ਵੱਡੀ ਅਕਾਲੀ ਕਾਨਫ੍ਰੰਸ ਹੋਇਆ ਕਰਦੀ ਸੀ ਜਿਸ ਵਿਚ ਦਲ ਦੇ ਵੱਡੇ ਲੀਡਰ ਹਾਜਰੀ ਭਰਿਆ ਕਰਦੇ ਸਨ ਉਹਦਾ ਵੀ ਬਾਦਲ/ਟੌਹੜਾ ਨੇ ਭੋਗ ਪਾ ਦਿੱਤਾ।

ਪੈੜ ਅਗਲੇ ਸਫੇ ਤੇ ਚਲਦਾ ➡

ਕਿਉਕਿ ਗੁਰੂ ਨਾਨਕ ਨੂੰ ਮੁਸਲਮਾਨ ਆਪਣਾ ਪੀਰ ਤੇ ਹਿੰਦੂ ਆਪਣਾ ਸਾਧੂ ਸੰਤ ਸਮਝਦੇ ਸਨ ਇਸ ਕਰਕੇ ਮੁਸਲਮਾਨਾਂ ਦੀ ਮੰਗ ਨੂੰ ਨਜਰਅੰਦਾਜ਼ ਕਰਨਾਂ ਪ੍ਰਵਾਰ ਵਾਸਤੇ ਮੁਸ਼ਕਲ ਹੋ ਰਿਹਾ ਸੀ। ਫਿਰ ਵਿਰੋਧ ਕਰਨ ਵਾਲੇ ਮੁਸਲਮਾਨਾਂ ਵਿੱਚ ਕੁਝ ਇਲਾਕੇ ਦੇ ਤਾਕਤਵਰ ਚੌਧਰੀ ਵੀ ਸ਼ਾਮਲ ਹੋ ਗਏ।



ਅੱਜ ਪੂਰੀ ਸ਼ਾਨ ਹੈ ਕਰਤਾਰਪੁਰ ਸਾਹਿਬ ਦੀ

ਅਖੀਰ ਤੇ ਇਹੋ ਫੈਸਲਾ ਹੋਇਆ ਕਿ ਗੁਰੂ ਸਾਹਿਬ ਦੀ ਚਾਦਰ, ਬਿਸਤਰਾਂ ਅਤੇ ਕੁੱਸਾ ਜਿੱਥੇ ਉਹ ਅਖੀਰ ਸਮੇਂ ਮੌਜੂਦ ਸਨ ਉਹ ਅੱਧਾ ਅੱਧਾ ਕਰਕੇ ਹਿੰਦੂ ਮੁਸਲਮਾਨਾਂ ਵਿੱਚ ਵੰਡ ਲਿਆ ਜਾਵੇ।

ਗੁਰਸਿੱਖਾਂ ਦੀ ਉਸ ਵੇਲੇ ਕਿਸੇ ਨਾਂ ਸੁਣੀ।

ਗੁਰੂ ਸਾਹਿਬ ਦਾ ਅੱਧਾ ਬਿਸਤਰ ਤੇ ਚਾਦਰ ਚਿਖਾ ਤੇ ਰੱਖ ਕੇ ਫਿਰ ਸ੍ਰੀ ਚੰਦ ਨੇ ਅੱਗ ਵਿਖਾ ਦਿੱਤੀ।

ਦੂਸਰੇ ਪਾਸੇ ਮੁਸਲਮਾਨ ਸ਼ਰਧਾਲੂਆਂ ਨੇ ਕਬਰ ਪੁੱਟ ਵਿੱਚ ਚਾਦਰ ਦਫਨਾ ਦਿੱਤੀ।

ਚੌਥੇ ਦਿਨ ਫਿਰ ਚਿਖਾ ਦੀ ਕੁਝ ਭਸਮ ਤਾਂ ਰਾਵੀ ਵਿੱਚ ਵਹਾ ਦਿੱਤੀ। ਕਿਉਕਿ ਉਦਾਸੀ ਸਾਧੂ ਬਿਭੂਤੀ ਨੂੰ ਬਹੁਤ ਅਹਿਮੀਅਤ ਦਿੰਦੇ ਨੇ ਬਾਬਾ ਸ੍ਰੀ ਚੰਦ ਨੇ ਕੁਝ ਬਿਭੂਤੀ ਸੋਨੇ ਦੀ ਗੜਵੀ॥ ਵਿੱਚ ਪਾ ਕੇ ਓਸੇ ਸਥਾਨ ਤੇ ਦੱਬਵਾ ਦਿੱਤੀ ਜਿੱਥੇ ਚਿਖਾ ਸੀ। ਬਾਦ ਵਿੱਚ ਇਥੇ ਮੜੀ ਉਸਾਰੀ ਗਈ।

ਸੋ ਓਹੋ ਮੜੀ ਤੇ ਕਬਰ ਅੱਜ ਕਰਤਾਰਪੁਰ ਵਿਖੇ ਮੌਜੂਦ ਹੈ।

ਇਸ ਪ੍ਰਕਾਰ ਨਾਨਕ ਨਾਂ ਦੇ ਇੱਕ ਹੀ ਪੈਗੰਬਰ ਦੇ ਦੋ ਅੰਤਮ ਅਸਥਾਨ ਬਣ ਗਏ।

ਪਰ ਗਲ ਇਥੇ ਵੀ ਨਹੀ ਮੁਕਦੀ ਅਗੇ ਪੜੋ ਇੱਕ ਮੜੀ ਹੋਰ ਵੀ ਬਣਦੀ ਹੈ (ਵੇਖੋ ਡੇਰਾ ਬਾਬਾ ਨਾਨਕ)

—▲—

ਪੈੜ ਸਫ਼ਾ ➡ ਪਿੱਛਲੀ ਬਾਕੀ ਉਂਗਲਾ ਰੱਖ ਲਈਆਂ। ਵਜ਼ੀਰ ਅਫਸਰਾਂ ਵਲ ਅੱਖਾਂ ਪਾੜ ਪਾੜ ਵੇਖ ਰਿਹਾ ਸੀ। ਅਗਲਿਆਂ ਨੇ ਓਸੇ ਵੇਲੇ ਕਰਤਾਰਪੁਰ ਸਾਹਿਬ ਦਾ ਸਾਰਾ ਪਤਾ ਟਿਕਾਣਾ ਸਮਝ ਲਿਆ।

ਓਦੋਂ ਕਰਤਾਰਪੁਰ ਸਾਹਿਬ ਇਮਾਰਤ ਦੀ ਹਾਲਤ ਖਰਾਬ ਹੋ ਚੁੱਕੀ ਸੀ। ਦੋ ਜੰਗਾਂ ਹੋਣ ਕਰਕੇ, ਬੁਲੰਦ ਗੁੰਬਦ ਢੱਠ ਚੁੱਕਾ ਸੀ। ਦਰਵਾਜੇ ਖਿੜਕੀਆਂ ਵੀ ਅਲੋਪ ਹੋ ਚੁੱਕੇ ਸਨ। 1955 ਤੋਂ ਬਾਦ ਗੁਰਦੁਆਰਾ ਸਾਹਿਬ ਅੰਦਰ ਇਕ ਮੁਸਲਮਾਨ ਫੌਜੀ ਸੇਵਾ ਕਰਿਆ ਕਰਦਾ ਸੀ। ਵੰਡ ਤੋਂ ਪਹਿਲਾਂ ਤਾਰਾਗੜ੍ਹ (ਨੇੜੇ ਬਟਾਲਾ) ਦੇ ਰਹਿਣ ਵਾਲੇ ਇਸ ਫੌਜੀ ਤੇ ਗੁਰੂ ਨਾਨਕ ਦੀ ਅਜਿਹੀ ਬਖਸ਼ਸ਼ ਹੋਈ ਕਿ ਉਸ ਨੇ ਫੌਜ ਦੀ ਨੌਕਰੀ ਹੀ ਛੱਡ ਦਿੱਤੀ ਸੀ।

ਫੌਜੀ ਤੋਂ ਬਾਦ ਨਾਲ ਦੇ ਪਿੰਡ ਕੋਠੇ ਦੇ ਈਸਾਈ ਚਰਾਗ ਬੱਤੀ ਕਰਦੇ ਸਨ, ਕਿਉਕਿ ਗਾਹੇ ਬਿਗਾਹੇ ਇਸ ਅਸਥਾਨ ਤੇ ਮੁਸਲਮਾਨ ਸ਼ਰਧਾਲੂ ਵੀ ਆ ਜਾਇਆ ਕਰਦੇ ਸਨ। ਕਿਉਕਿ ਅਜੇ ਕੰਢਿਆਲੀ ਤਾਰ ਨਹੀ ਸੀ ਲੱਗੀ, ਸਾਡੇ ਇਲਾਕੇ ਦੇ ਸਿਰ ਫਿਰੇ ਸ਼ਰਧਾਲੂ ਕਦੀ ਰਾਤ ਬਰਾਤੇ ਕਰਤਾਰਪੁਰ ਫੇਰਾ ਵੀ ਮਾਰ ਆਇਆ ਕਰਦੇ ਸਨ। ਪਿੰਡ ਭਗਠਾਣਾ ਬੋੜਾਂ ਵਾਲੇ ਦੇ ਬਾਵਾ ਸਿੰਘ ਜਦੋਂ ਰਾਤ ਓਥੇ ਗਇਆ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਜਿਸ ਤਰਾਂ ਸੰਤੋਖਿਆ ਹੋਇਆ ਸੀ ਉਹ ਉਸ ਤੋਂ ਬਰਦਾਸ਼ਤ ਨਾਂ ਹੋਇਆ ਤੇ ਚੁੱਪ ਚੁਪੀਤੇ ਬੀੜ ਨੂੰ ਉਹ ਚੁੱਕ ਲਿਆਇਆ।

ਸੋ ਜਦੋਂ ਪਾਕਿਸਤਾਨੀਆਂ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦਾ ਅੰਤਮ ਅਸਥਾਨ ਪਾਕਿਸਤਾਨ ਵਿਚ ਹੈ ਤੇ ਉਥੇ ਸਾਹਿਬ ਦੀ ਕਬਰ ਵੀ ਹੈ ਤਾਂ ਪਾਕਿਸਤਾਨ ਨੇ ਤੁਰੰਤ 1995 ਅਤੇ 1997 ਵਿਚ ਕਰਤਾਰਪੁਰ ਸਾਹਿਬ ਦੀ ਕਾਰ ਸੇਵਾ ਕਰਵਾਈ। ਸ਼ਾਇਦ ਪਾਕਿਸਤਾਨ ਨੇ ਸੋਚਿਆ ਕਿ ਸਿੱਖਾਂ ਦੀ ਉਹਨਾਂ ਨੂੰ ਕੁੰਜੀ ਲੱਭ ਪਈ ਹੈ।

ਇਸ ਤੋਂ ਬਾਦ ਭਾਵ (1997 ਤੋਂ) ਜਦੋਂ ਵੀ ਜਥਾ ਪਾਕਿਸਤਾਨ ਜਾਏ ਤਾਂ ਓਕਾਫ ਬੋਅਡ ਐਲਾਨ ਕਰਿਆ ਕਰੇ ਕਿ ਪਾਕਿਸਤਾਨ ਸਰਕਾਰ ਕਰਤਾਰਪੁਰ ਨੂੰ ਖੋਲਣ ਦਾ ਵੀਚਾਰ ਕਰ ਰਹੀ ਹੈ। ਓਨਾਂ ਨੇ ਇਥੋਂ ਤਕ ਵੀ ਇਸ਼ਾਰਾ ਦੇ ਦਿਤਾ ਕਿ ਇਸ ਤੱਕ ਖੁੱਲਾ ਲਾਂਘਾ ਵੀ ਬਣਾਇਆ ਜਾ ਸਕਦਾ ਹੈ। ਅਜਿਹੀ ਹੀ ਇਕ ਖਬਰ 1999 ਵਿਚ ਡੇਰਾ ਬਾਬਾ ਨਾਨਕ ਦੇ ਸੋਹਣ ਸਿੰਘ ਖਾਸਾਂਵਾਲੀ ਨੇ ਅਜੀਤ ਅਖਬਾਰ ਵਿਚ ਲਾਈ। ਪਰ ਕੋਈ ਵੀ ਸਿੱਖ ਲੀਡਰ ਇਸ ਪਾਸੇ ਧਿਆਨ ਨਹੀ ਸੀ ਦੇ ਰਿਹਾ।

19 ਨਵੰਬਰ 2000 ਨੂੰ ਟ੍ਰਿਬਿਊਨ ਅਖਬਾਰ ਨੇ ਫਿਰ ਖਬਰ ਦਿੱਤੀ ਕਿ ਪਾਕਿਸਤਾਨ ਕਰਤਾਰਪੁਰ ਤਕ ਲਾਂਘਾ ਵੀ ਦੇ ਸਕਦਾ ਹੈ। 4 ਦਸੰਬਰ ਸੰਨ 2000 ਨੂੰ ਅਜੀਤ ਅਖਬਾਰ ਵਿਚ ਹਰਪਾਲ ਸਿੰਘ ਭੁੱਲਰ ਦੇ ਲੇਖ ਵਿਚ ਇਹੋ ਗਲ ਦੁਹਰਾਈ ਗਈ।

ਇਹ ਖਬਰਾਂ ਪੜ੍ਹਨ ਉਪਰੰਤ ਇਸ ਲਿਖਾਰੀ ਨੂੰ ਕੁਝ ਝਰਨਾਹਟ ਜਿਹੀ ਹੋਈ ਕਿ ਜਿਹੜੀ ਗਲ ਅਕਸਮਾਤ ਹੀ ਪੰਜਾ ਸਹਿਬ ਚੱਲੀ ਸੀ ਉਹਦਾ ਅਸਰ ਹੋ ਰਿਹਾ ਹੈ। ਜਿਸ ਕਰਕੇ ਅਸਾਂ ਸਿੱਖ ਲੀਡਰਾਂ ਤਕ ਪਹੁੰਚ ਕੀਤੀ ਤਾਂ ਕਿ ਉਹ ਮੰਗ ਕਰਨ ਕਿ ਕਰਤਾਰਪੁਰ ਸਾਹਿਬ ਖੁੱਲਣਾ ਚਾਹੀਦਾ। ਕਿਉਕਿ ਓਦੋਂ ਸਾਨੂੰ ਰਾਜਨੀਤਕ ਸਮਝ ਨਹੀ ਸੀ ਇਸ ਕਰਕੇ ਜਿਆਦਾ ਟੇਕ ਅਸਾਂ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਤੇ ਰੱਖੀ ਪਰ ਬਾਦਲ ਤੇ ਟੌਹੜਾ ਗਰੂਪਾਂ ਨੂੰ ਵੀ ਟੋਹਦੇ ਰਹੇ।

ਜਿਵੇ ਕਿ ਹਰ ਸਰਕਾਰੀ ਮੁਲਾਜਮ ਹੁੰਦੈ, ਅਜਿਹੇ ਰਾਜਨੀਤਕ ਕੰਮਾਂ ਤੋਂ ਡਰਦਾ ਹੈ ਅਸੀ ਵੀ ਹੱਦ ਦਰਜੇ ਤੇ ਡਰਪੋਕ ਸੀ। ਦੂਸਰੇ ਪਾਸੇ ਨੌਕਰੀ ਵਿਚ ਸਾਡੀ ਬਦਲੀ ਦਿੱਲੀ ਹੋ ਚੁੱਕੀ ਸੀ।

ਫਿਰ ਵੀ ਚੁੱਪ ਚੁੱਪੀਤੇ ਅਸੀ ਰਾਜਨੀਤਕ ਲੀਡਰਾਂ ਤਕ ਪਹੁੰਚ ਬਣਾਂ ਰਹੇ ਸਾਂ ਕਿ ਉਹ ਕਰਤਾਰਪੁਰ ਸਾਹਿਬ ਲਈ ਲਾਂਘਾ ਮੰਗਣ। ਬਾਕੀ ਤਾਂ ਇਸ ਅੰਦੋਲਨ ਵਿਚ ਪੈਰ ਪਾਉਣ ਨੂੰ ਤਿਆਰ ਨਹੀ ਸਨ ਆਖਿਰ ਅੰਮ੍ਰਿਤਸਰ ਦਾ ਅਕਾਲ ਪੁਰਖ ਕੀ ਫੌਜ ਨਾਂ ਦਾ ਜੱਥਾ ਲਾਂਘਾ ਮੰਗਣ ਲਈ ਅੰਦੋਲਨ ਕਰਨਾਂ ਮੰਨ ਗਿਆ ਪਰ ਬਾਦ ਵਿਚ ਪੈਰ ਪਿੱਛੇ ਖਿੱਚ ਲਏ।

ਫਰਵਰੀ 2001 ਵਿਚ ਅਕਾਲ ਤਖਤ ਸਾਹਿਬ ਤੇ ਕੋਈ ਬਾਦਲ ਵਿਰੋਧੀ ਇਕੱਠ ਹੋਇਆ ਸੀ। ਅਸੀ

ਪੈੜ ਅਗਲੇ ਸਫੇ ਤੇ ਚਲਦਾ ➡

ਮਈ 2008 ਵਿਚ ਯੂ ਐਨ ਓ ਵਿਚ ਅਮਰੀਕਾ ਦਾ ਸਾਬਕਾ ਰਾਜਦੂਤ ਜਾਨ ਮੈਕਡੋਲਡ ਲਾਂਘੇ ਦਾ ਮੌਕਾ ਵੇਖਣ ਆਇਆ। ਸਰਹੱਦ ਤੇ ਖਲੋ ਕੇ ਜਦੋਂ ਉਹ ਪਤਰਕਾਰਾਂ ਨੂੰ ਮੁਖਾਤਿਬ ਹੋਇਆ ਤਾਂ ਬੀ. ਐਸ. ਐਫ ਵਾਲਿਆਂ ਉਹਨੂੰ ਧੁੱਸੀ ਤੋਂ ਥੱਲੇ ਜਾਣ ਦੇ ਹੁਕਮ ਕਰ ਦਿਤੇ। ਜਾਨ ਨੇ ਪਤ੍ਰਕਾਰਾਂ ਨੂੰ ਕਿਹਾ ਕਿ ਵੇਖ ਲਓ ਆਹ ਜੇ ਤੁਹਾਡਾ ਲੋਕ ਰਾਜ ਅਤੇ ਪ੍ਰੈਸ ਦੀ ਅਜਾਦੀ। ਓਥੇ ਭੜਥੂ ਪੈ ਗਇਆ। ਸੀ ਆਈ ਡੀ ਨੇ ਝੱਟ ਉਤੋਂ ਹੁਕਮ ਕਰਵਾਇਆ ਕਿ ਜਾਨ ਨੂੰ ਮੁਖਾਤਿਬ ਹੋਣ ਦਿੱਤਾ ਜਾਵੇ। ਜਾਨ ਸਾਨੂੰ ਪੁੱਛਦਾ ਕਿ ਇਥੇ ਸਰਹੱਦ ਤੇ ਆ ਕੇ ਤੁਸੀ ਕਿਹੋ ਜਿਹਾ ਅੰਦੋਲਨ ਕਰਦੇ ਹੋ। ਅਸਾਂ ਜਥੇਦਾਰ ਵਡਾਲਾ ਨੂੰ ਬੇਨਤੀ ਕੀਤੀ ਕਿ ਹੁਣ ਫਿਰ ਅਰਦਾਸ ਕਰੋ। ਅਰਦਾਸ ਦਾ ਮਤਲਬ ਜਾਨ ਨੂੰ ਸਮਝਾਇਆ। ਉਹਨੇ ਝੱਟ ਸਵਾਲ ਕਰ ਦਿੱਤਾ ਕਿ ਜਦੋਂ ਪ੍ਰਧਾਨ ਮੰਤਰੀ ਤੁਹਾਡਾ ਸਿੱਖ ਹੀ ਹੈ ਤਾਂ ਫਿਰ ਤੁਸੀ ਉਹਨੂੰ ਕਿਓ ਨਹੀ ਕਹਿੰਦੇ ਕਿ ਲਾਂਘਾ ਮਨਜੂਰ ਕਰੇ। ਅਸੀ ਮੈਕਡੋਨਲਡ ਨੂੰ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵੀ ਲੈ ਕੇ ਗਏ। ਉਹਨੇ ਝੱਟ ਸਵਾਲ ਕਰ ਦਿੱਤਾ ਕਿ ਇਕ ਬੰਦੇ ਦੀਆਂ ਤਿੰਨ ਸਮਾਧਾਂ ਜਾਂ ਕਬਰਾਂ ਕਿਵੇ ਹੋ ਸਕਦੀਆਂ ਹਨ? ਜਾਨ ਨੂੰ ਰਾਵੀ ਪੁਲ ਦੇ ਖੰਡਰਾਤ ਵੀ ਦਿਖਾਏ।



ਪੈੜ ਸਫ਼ਾ ➡ ਪਿੱਛਲੀ ਬਾਕੀ **(ਲਾਂਘੇ ਦੀ ਕਹਾਣੀ....**ਓਥੇ ਪਹੁੰਚ ਲੀਡਰਾਂ ਨਾਲ ਗਲ ਕਰਨੀ ਚਾਹੀ। ਪਰ ਕਿਤੇ ਦਾਲ ਗਲੀ ਨਾਂ। ਜੋੜਾਘਰ ਜਦੋਂ ਪਹੁੰਚੇ ਤਾਂ ਜਥੇਦਾਰ ਕੁਲਦੀਪ ਸਿੰਘ ਵਡਾਲਾ ਨਾਲ ਮੇਲ ਹੋ ਗਿਆ। ਉਨਾਂ ਨੂੰ ਬੇਨਤੀ ਕੀਤੀ ਤਾਂ ਉਨਾਂ ਨੇ ਸਾਨੂੰ ਜਲੰਧਰ ਆ ਕੇ ਮਿਲਣ ਲਈ ਕਿਹਾ। ਆਖਿਰ 28 ਫਰਵਰੀ ਨੂੰ ਬੁਰਜ ਸਾਹਿਬ ਧਾਰੀਵਾਲ ਵਿਖੇ ਜਿਥੇ ਵਡਾਲਾ ਵੀ ਪਹੁੰਚੇ ਹੋਏ ਸਨ ਤਾਂ ਜਿਵੇ ਅਸਾਂ ਸੰਗਤ ਨੂੰ ਖਬਰ ਸੁਣਾਈ ਕਿ ਕਰਤਾਰਪੁਰ ਸਾਹਿਬ ਦੇ ਖੁੱਲਣ ਦੀ ਸੰਭਾਵਨਾ ਬਣੀ ਤਾਂ ਸੰਗਤ ਨੇ ਸਾਨੂੰ ਹੱਥਾਂ ਤੇ ਚੁੱਕ ਲਿਆ। ਸੰਗਤ ਦਾ ਜੋਸ਼ ਵੇਖ ਵਡਾਲਾ ਸਾਹਿਬ ਅਤੇ ਜਸਬੀਰ ਸਿੰਘ ਬਾਗੋ ਬਾਗ ਹੋ ਗਏ ਤੇ ਕਰਤਾਰਪੁਰ ਲਾਂਘੇ ਲਈ ਅੰਦੋਲਨ ਕਰਨ ਵਾਸਤੇ ਤਿਆਰ ਹੋ ਗਏ।

ਇਸ ਪ੍ਰਕਾਰ ਪਹਿਲੀ ਅਰਦਾਸ ਵਡਾਲਾ ਦੀ ਜਥੇਬੰਦੀ ਨੇ 13 ਅਪਰੈਲ 2001 ਨੂੰ ਡੇਰਾ ਬਾਬਾ ਨਾਨਕ ਇਕੱਠ ਕਰਕੇ ਸਰਹੱਦ ਤੇ ਕੀਤੀ। ਉਸੇ ਦਿਨ ਹੀ ਅਕਾਲ ਪੁਰਖ ਕੀ ਫੌਜ ਜਥਾ ਨੇ ਵੀ ਵੱਖਰੇ ਅਰਦਾਸ ਕੀਤੀ। ਸੁੱਤੇ ਪਏ ਡੇਰਾ ਬਾਬਾ ਨਾਨਕ ਕਸਬੇ ਵਿਚ ਜੋਸ਼ ਠਾਠਾਂ ਮਾਰ ਰਿਹਾ ਸੀ।

'ਸੇਵਕ ਕਉ ਸੇਵਾ ਬਨਿ ਆਈ' ਦੇ ਮਹਾਵਾਕ ਅਨੁਸਾਰ ਉਸ ਤੋਂ ਬਾਦ ਅਰਦਾਸਾਂ ਦਾ ਸਿਲਸਿਲਾ ਵਡਾਲਾ ਸਾਹਿਬ ਨੇ ਆਖਰੀ ਸਵਾਸਾਂ 5 ਜੂਨ 2018 ਤਕ ਨਿਭਾਇਆ।

ਵਡਾਲਾ ਸਾਹਿਬ ਨੇ 2003 ਵਿਚ ਸਾਨੂੰ ਜਥੇਬੰਦੀ ਤੋਂ ਬਾਹਰ ਕਰ ਦਿੱਤਾ ਜਿਸ ਕਾਰਨ ਅਸੀ ਸੰਗਰਾਂਦ ਵਾਲੇ ਦਿਨ ਵੱਖਰੀ ਅਰਦਾਸ ਕਰਨੀ ਸ਼ੁਰੂ ਕਰ ਦਿੱਤੀ ਜੋ 2018 ਤਕ ਲਾਂਘੇ ਦੇ ਐਲਾਨ ਤਕ ਜਾਰੀ ਰਹੀ।

ਕਿਉਕਿ ਅਸੀ ਲੀਡਰ ਨਹੀ ਸਾਂ, ਲੋਕਾਂ ਨੂੰ ਮਗਰ ਲਾਉਣਾ ਸਾਨੂੰ ਨਹੀ ਸੀ ਆਉਦਾ ਜਿਸ ਕਾਰਨ ਅਰਦਾਸ ਮੌਕੇ ਕਦੀ ਬੜੀ ਨਮੋਸ਼ੀ ਵਾਲੀ ਗੱਲ ਹੋਣੀ ਕਿ ਸਾਡੇ ਨਾਲ ਕਦੀ ਪੰਜ ਬੰਦੇ ਵੀ ਨਹੀ ਸੀ ਹੋ ਪਾਉਦੇ। 2003 ਵਿਚ ਇਕ ਅਜਿਹਾ ਮੌਕਾ ਵੀ ਆਇਆ ਕਿ ਅਸੀ ਇਕੱਲੇ ਹੀ ਰਹਿ ਗਏ ਉਦੋਂ ਫਿਰ ਬਾਬਾ ਅਨੂਪ ਸਿੰਘ ਬੇਦੀ ਦੇ ਘਰ ਗਏ ਜਿੰਨਾਂ ਸਾਡੇ ਨਾਲ ਕੁਝ ਸਿੰਘ ਅਰਦਾਸ ਲਈ ਤੋਰੇ।

ਉਦੋਂ ਅਸੀ ਮਹਿਸੂਸ ਕੀਤਾ ਕਿ ਅਸੀ ਲੀਡਰ ਤਾਂ ਨਹੀ ਹਾਂ ਪਰ ਗੁਰੂ ਸਾਹਿਬ ਨੇ ਸਾਨੂੰ ਲਿਖਣ ਦਾ ਹੁਨਰ ਤਾਂ ਦਿੱਤਾ ਹੀ ਹੈ। ਜਿਸ ਕਰਕੇ ਅਸੀ ਕਰਤਾਰਪੁਰ ਸਾਹਿਬ ਲਾਂਘੇ ਦੇ ਪ੍ਰਚਾਰ ਦੀ ਸੇਵਾ ਕਰਨੀ ਸ਼ੁਰੂ ਕੀਤੀ ਤੇ ਪਰਚੇ ਛਪਵਾ ਕੇ ਮੇਲਿਆਂ ਤੇ ਵੰਡਣੇ। ਬਾਦ ਵਿਚ ਵਡਾਲਾ ਸਾਹਿਬ ਨੇ ਵੀ ਇਹਨਾਂ ਪਰਚਿਆਂ ਦੀ ਤਾਕਤ ਮਹਿਸੂਸ ਕੀਤੀ ਤਾਂ ਸਾਨੂੰ ਮਾਇਕ ਮੱਦਦ ਦੇਣੀ ਸ਼ੁਰੂ ਕਰ ਦਿੱਤੀ। ਕੁਝ ਚਿਰ ਉਹਨਾਂ ਮਦਦ ਕੀਤੀ ਬਾਦ ਵਿਚ ਬੰਦ ਕਰ ਦਿੱਤੀ।

ਕਿਉਕਿ ਪਰਚੇ ਵੱਡੀ ਗਿਣਤੀ ਵਿਚ ਛਪਦੇ ਸਨ, ਅਸਾਂ ਵਿਚ ਇਸ਼ਤਿਹਾਰ ਦੇਣੇ ਸ਼ੁਰੂ ਕਰ ਦਿੱਤੇ। ਜਿਆਦਾਤਰ ਡਾਕਟਰ ਅਤੇ ਸਕੂਲ ਕਾਲਜਾਂ ਵਾਲੇ ਇਸ਼ਤਿਹਾਰਾਂ ਵਿਚ ਸਾਡੀ ਮਦਦ ਕਰਦੇ ਰਹੇ। ਇਹਨਾਂ ਮੁਫਤ ਦੇ ਪਰਚਿਆਂ ਤੋਂ ਬਾਦ ਅਸਾਂ ਪਾਕਿਸਤਾਨੀ ਗੁਰਦੁਆਰਿਆਂ ਤੇ 2 ਰੁਪਏ ਦਾ ਕਿਤਾਬਚਾ ਛਾਪਿਆ। ਉਸਦਾ ਚੰਗਾ ਨਤੀਜਾ ਮਿਲਣ ਤੇ ਅਸਾਂ ਪਾਕਿਸਤਾਨੀ ਇਕਬਾਲ ਕੈਸਰ ਦੀ ਕਿਤਾਬ ਦਾ ਰੀਵਿਊ ਜਿਸ ਵਿਚ 175 ਪਾਕਿਸਤਾਨੀ ਗੁਰਧਾਮ ਦਿੱਤੇ ਹੋਏ ਸਨ ਛਾਪ ਦਿੱਤਾ 5 ਰੁਪਏ ਵਿਚ। ਇਸ ਦੇ ਤਿੰਨ ਐਡੀਸ਼ਨ ਛਾਪੇ ਕੁਲ ਇਕ ਲੱਖ ਪੰਜ ਹਜਾਰ।

ਮੇਲਿਆਂ ਤੇ ਕਰਤਾਰਪੁਰ ਦਾ ਪ੍ਰਚਾਰ ਕਰਨ ਉਪਰੰਤ ਅਸਾਂ ਸਕੂਲਾਂ ਵਿਚ ਇਹ ਕਿਤਾਬਚੇ ਵੇਚਣੇ ਸ਼ੁਰੂ ਕਰ ਦਿੱਤੇ। ਸਕੂਲਾਂ ਨੇ ਸਾਨੂੰ ਵੱਡਾ ਸਹਿਯੋਗ ਦਿੱਤਾ। ਫਿਰ ਕੰਧ ਤੇ ਲਾਉਣ ਵਾਲਾ ਪੋਸਟਰ 5 ਰੁਪਏ ਵਿਚ ਕੱਢਿਆ ਜਿਸ ਤੇ ਕੋਈ 60-70 ਪਾਕਿਸਤਾਨੀ ਅਸਥਾਨਾਂ ਦੀਆਂ ਤਸਵੀਰਾਂ ਹੁੰਦੀਆਂ ਸਨ। ਇਹਦੇ 9 ਐਡੀਸ਼ਨ ਛਪੇ। ਪਾਕਿਸਤਾਨੀ ਅਸਥਾਨਾਂ ਤੇ ਢਾਈ ਘੰਟਿਆਂ ਦੀ ਵੀਡੀਓ ਡੀਵੀਡੀ ਵੀ ਕੱਢ ਦਿੱਤੀ।

ਇਹਨਾਂ ਦੀ ਕੁਲ ਸਰਕੂਲੇਸ਼ਨ (ਕਾਪੀਆਂ ਦੀ ਗਿਣਤੀ) ਕੋਈ 5 ਲੱਖ ਤੋਂ ਉੱਪਰ ਹੀ ਹੋਵੇਗੀ ਜਦੋਂ ਕਿ ਪੰਜਾਬ ਦੀ ਅਬਾਦੀ ਸਾਰੀ ਤਿੰਨ ਕਰੋੜ ਹੈ। ਸਾਨੂੰ ਇਸ਼ਤਿਹਾਰਾਂ ਦੀ ਵੀ ਕੋਈ ਕਮੀ ਨਹੀ ਸੀ ਰਹਿ ਗਈ। ਇਕ ਤਾਂ ਨੇਕ ਕੰਮ ਦੂਸਰਾ ਇਸ਼ਤਿਹਾਰ ਦਾਤਾ ਸਮਝਦਾ ਸੀ ਕਿ ਪਰਚੇ ਲੱਖਾਂ ਲੋਕਾਂ ਤਕ ਜਾ ਰਹੇ ਨੇ। ਗੁਰੂ ਸਾਹਿਬ ਦੇ 20 ਰੁਪਏ ਦੇ ਸੱਚੇ ਸੌਦੇ ਦਾ ਕਮਾਲ ਕਿ ਪਰਚੇ ਛਾਪਣ ਮੌਕੇ ਸਾਨੂੰ ਮਾਇਆ ਬੱਜਟ ਤੋਂ ਵੱਧ ਹੋ ਜਾਂਦੀ ਸੀ।

ਫਿਰ ਵਡਾਲਾ ਸਾਹਿਬ ਜਦੋਂ ਅਰਦਾਸ ਕਰਦੇ ਸਨ ਤਾਂ ਉਹਨਾਂ ਦੀ ਖਬਰ ਲਗਦੀ ਸੀ ਕਿ ਐਨਵੀ (105 ਵੀ, 170 ਵੀ) ਅਰਦਾਸ ਕੀਤੀ ਹੈ। ਦੂਸਰੇ ਪਾਸੇ ਅਜੈਂਸੀਆਂ ਦੇ ਦਬਾਅ ਕਾਰਨ ਅਜੀਤ ਅਖਬਾਰ ਅਤੇ ਹੋਰ ਸਾਡੀ ਖਬਰ ਨਹੀ ਸੀ ਲਾ ਰਹੇ। ਪਰ ਅਸੀ ਲੋਕਾਂ ਤਕ ਪਹੁੰਚ ਬਣਾਉਣ ਵਿਚ ਕਾਮਯਾਬ ਹੋ ਗਏ।

ਤੀਸਰੇ ਪਾਸੇ ਰਾਜਨੀਤਕ ਲੀਡਰ ਉਤੋਂ ਉੱਤੋਂ ਕਰਤਾਰਪੁਰ ਲਾਂਘੇ ਦੇ ਅੰਦੋਲਨ ਤੇ ਚੁੱਪ ਸਨ ਪਰ ਅੰਦਰਖਾਤੇ ਇਹਦੇ ਹੱਕ ਵਿਚ ਸਨ।

2003 ਵਿਚ ਅਮਰੀਕਨ ਸਿੱਖਾਂ ਨੇ ਇਕ ਜਥੇਬੰਦੀ ਗੁਰੂ ਨਾਨਕ ਸ਼ਰਾਈਨ ਫੈਲੋਸ਼ਿਪ ਸਵਰੱਗੀ ਗੰਗਾ ਸਿੰਘ ਢਿੱਲੋਂ ਦੀ ਅਗਵਾਈ ਵਿਚ ਬਣਾਈ। ਓਦੋਂ ਕਿਹਾ ਜਾ ਰਿਹਾ ਸੀ ਕਿ ਇਹ 20 ਲੱਖ ਡਾਲਰ ਕਰਤਾਰਪੁਰ ਸਾਹਿਬ ਦੀ ਮੁਰੰਮਤ ਤੇ ਖਰਚੇਗੀ। ਅਮਰੀਕਾ ਵਿਚ 2009 ਵਿਚ ਤੇਰੀ ਸਿੱਖੀ ਨਾਂ ਦੀ ਜਥੇਬੰਦੀ ਬਣੀ ਤੇ ਪ੍ਰਚਾਰ ਸੇਵਾ ਅਰੰਭੀ ਪਰ ਛੇਤੀ ਹੀ ਛੱਡ ਗਏ।

ਅਮਰੀਕਾ ਵਿਚ ਦੋ ਤਿੰਨ ਵਾਰੀ ਹੋਰ ਨਕਲੀ ਜਥੇਬੰਦੀਆਂ ਬਣੀਆਂ ਤਾਂ ਕਿ ਇਸ ਅੰਦੋਲਨ ਦਾ ਰੁਖ ਮੋੜਿਆ ਜਾ ਸਕੇ ਪਰ ਅਖੀਰ ਤੇ ਸਭ ਨੂੰ ਮੂੰਹ ਦੀ ਖਾਣੀ ਪਈ।

ਕਰਤਾਰਪੁਰ ਸਾਹਿਬ ਦੇ ਪੈੜ ਅਗਲੇ ਸਫੇ ਤੇ **ਚਲਦਾ** ➡

## ਜਿੰਨਾਂ ਸੱਜਣਾਂ ਕਰਕੇ, ਲਾਂਘੇ ਦੀ ਮੰਗ, ਘਰ ਘਰ ਪਹੁੰਚੀ।



ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਪ੍ਰਚਾਰ 18 ਸਾਲ ਚਲਿਆ। ਕਈ ਸੱਜਣ ਸਾਨੂੰ ਪਰਚੇ ਛਪਵਾਉਣ ਵਾਸਤੇ ਲੋੜੀਦੀ ਮਾਇਆ ਬਖਸ਼ਦੇ ਰਹੇ ਜਿਸ ਦੇ ਬਦੌਲਤ ਕੋਈ 30 ਕੁ ਕਿਸ਼ਤਾ ਵਿਚ 5 ਲੱਖ ਤੋਂ ਵੱਧ ਪਰਚੇ, ਪੋਸਟਰ, ਕਿਤਾਬਚੇ, ਸੀਡੀਆਂ ਅਤੇ ਹੋਲਡਿੰਗ ਛਪਵਾ ਸਕੇ। ਸੋ ਜੋ ਪਰਚਾ/ਕਿਤਾਬਚਾ ਤੁਸੀ 5-5 ਰੁਪਏ ਵਿਚ ਖਰੀਦਦੇ ਰਹੇ, ਉਹਦੀ ਛਪਾਈ ਦਾ ਸਾਰਾ ਖਰਚਾ ਮੁੱਖ ਤੌਰ ਤੇ ਇਹਨਾਂ ਸੱਜਣਾਂ ਨੇ ਕੀਤਾ ਸੀ। (ਉਪਰਲੀ ਕਤਾਰ ਖੱਬੇ ਪਾਸਿਓ) ਡਾ. ਬਲਜੀਤ ਸਿੰਘ ਜੋਹਲ, ਜੋਹਲ ਹਸਪਤਾਲ ਰਾਮਾ ਮੰਡੀ ਜਲੰਧਰ, ਡਾ.ਗੁਰਵਿੰਦਰ ਸਿੰਘ (ਹੱਡੀਆਂ ਅਤੇ ਜੋੜਾਂ ਦੇ ਮਾਹਿਰ) ਹਰਗੁਨ ਹਸਪਤਾਲ, ਬਟਾਲਾ ਰੋਡ, ਅੰਮ੍ਰਿਤਸਰ, ਡਾ. ਸੁਖਵਿੰਦਰ ਸਿੰਘ ਵਾਲੀਆ (ਸਾਬਕਾ ਰਜਿਸਟਰਾਰ, ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ) ਡਾ. ਜਸਜੀਤ ਛਾਛੀ ਹਸਪਤਾਲ ਅੰਮ੍ਰਿਤਸਰ, ਬਾਬਾ ਬਲਬੀਰ ਸਿੰਘ ਬੇਦੀ ( ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਸ) ਡੇਰਾ ਬਾਬਾ ਨਾਨਕ, ਜਿਲਾ ਗੁਰਦਾਸਪੁਰ।

(ਹੇਠਲੀ ਕਤਾਰ) ਡਾ. ਗੁਰਬਖਸ ਸਿੰਘ ਸਰਜਨ ਜੀ ਬੀ ਹਸਪਤਾਲ ਫਗਵਾੜਾ, ਡਾ. ਕੁਲਦੀਪ ਸਿੰਘ ਅਰੋੜਾ (ਗੋਲਡ ਮੈਡਾਲਿਸਟ) ਕੇ ਡੀ ਹਸਪਤਾਲ, ਅੰਮ੍ਰਿਤਸਰ, ਡਾ. ਗੁਰਇਕਬਾਲ ਸਿੰਘ ਛੀਨਾ (ਹੱਡੀਆਂ ਦੇ ਮਾਹਿਰ) ਗਰੀਨ ਐਵਨਿਊ, ਅੰਮ੍ਰਿਤਸਰ, ਡਾ. ਬਲਬੀਰ ਸਿੰਘ ਭੌਰਾ (ਮਾਹਿਰ ਅੱਖਾਂ) ਅਕਾਲ ਹਸਪਤਾਲ, ਮਾਡਲ ਟਾਊਨ ਜਲੰਧਰ।

ਉੱਤੇ ਦਿੱਤੇ ਸੱਜਣਾਂ ਦੀ ਇਹ ਖਾਸੀਅਤ ਸੀ ਕਿ ਇਹਨਾਂ ਹਰ ਪ੍ਰਕਾਸ਼ਨ ਵਿਚ ਯੋਗਦਾਨ ਪਾਇਆ ਸੀ।

ਇਹਨਾਂ ਸੱਜਣਾਂ ਤੋਂ ਇਲਾਵਾ ਹੋਰ ਵੀ ਅਨੇਕਾਂ ਗੁਰਸਿੱਖਾਂ ਨੇ ਗਾਹੇ ਬਗਾਹੇ ਪ੍ਰਚਾਰ ਵਿਚ ਬਹੁਮੁੱਲਾ ਯੋਗਦਾਨ ਪਾਇਆ ਸੀ ਪਰ ਸਾਰੇ ਗੁਰਸਿੱਖਾਂ ਦੀਆਂ ਤਸਵੀਰਾਂ ਛਾਪਣੀਆਂ ਸਾਡੇ ਵਾਸਤੇ ਸੰਭਵ ਨਹੀ ਹੋ ਪਾ ਰਿਹਾ। ਫਿਰ ਵੀ ਇਸ ਮੌਕੇ ਅਸੀ ਵਿਛੜ ਚੁੱਕੇ ਡਾ.ਦਲਜੀਤ ਸਿੰਘ, ਡਾ. ਜੇ.ਪੀ.ਐਸ ਛੀਨਾ, ਸ. ਬਲਬੀਰ ਸਿੰਘ (ਲਾਇਲਪੁਰ ਖਾਲਸਾ ਕਾਲਜ) ਨੂੰ ਯਾਦ ਕਰਦੇ ਹਾਂ। ਵਾਹਿਗੁਰੂ ਸ. ਜਗਦੀਸ਼ ਸਿੰਘ ਹੁਰਾਂ ਨੂੰ ਲੰਮੀ ਆਯੂ ਬਖਸ਼ੇ। 'ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ' ਦੇ ਸਿਧਾਂਤ ਤਹਿਤ ਗੁਰੂ ਪਾਤਸ਼ਾਹ 'ਚਰਨਜੀਤ ਸਿੰਘ ਚੱਢਾ 'ਨੂੰ ਭੁੱਲਾਂ ਬਖਸ਼ਦੇ ਹੋਏ ਗਲ ਲਾਏ। ਉਘੇ ਵਕੀਲ ਅਮਰਪਾਲ ਸਿੰਘ ਰੰਧਾਵਾ, ਡਾ. (ਮਿਸਜ) ਜਸਜੀਤ ਛਾਛੀ, ਡਾ. ਨਵਪ੍ਰੀਤ ਹੰਸਪਾਲ, ਡਾ. ਕਮਲਜੀਤ ਸਿੰਘ ਮੱਕੜ (ਜਲੰਧਰ), ਡਾ. ਜਸਪ੍ਰੀਤ ਸਿੰਘ ਗਰੋਵਰ, ਡਾ. ਜੇ ਐਸ ਢਿੱਲੋਂ (ਪ੍ਰਿਸੀਪਲ), ਡਾ. ਵਰਿੰਦਰ ਸਿੰਘ ਬਾਜਵਾ, ਡਾ ਇੰਦਰਬੀਰ ਸਿੰਘ ਨਿੱਝਰ, ਡਾ. ਜਸਪ੍ਰੀਤ ਸਿੰਘ ਗਰੋਵਰ, ਡਾ. ਰਣਜੀਤ ਸਿੰਘ ਕਲਸੀ ਬਟਾਲਾ, ਡਾ. ਜੀ ਐਸ ਜੰਮੂ ਜਲੰਧਰ, ਡਾ ਬਲਵੰਤ ਸਿੰਘ ਹੁੰਜਣ, ਡਾ. ਜਗਰੂਪ ਸਿੰਘ ਗਿੱਲ ਰੋਡ, ਡਾ. ਜਰਨੈਲ ਸਿੰਘ ਸੈਣੀ, ਡਾ. ਕਮਲਜੀਤ ਸਿੰਘ (ਮਾਹਿਰ ਗੁਰਦੇ), ਤੇਜਿੰਦਰਪਾਲ ਸਿੰਘ ਕੇ.ਬੀ ਦਾ ਪਾਇਆ ਵੱਡਮੁਲਾ ਯੋਗਦਾਨ ਅਸੀ ਰਿਕਾਰਡ ਤੇ ਪਾਉਦੇ ਹਾਂ।

ਪੈਤ ਸਫਾ

ਲਾਂਘੇ ਦਾ ਬੁਰਕਾ ਪਾ ਕੇ ਇਹ ਬਾਰ ਬਾਰ ਪਾਕਿਸਤਾਨ ਵਾਸਤੇ ਹੀ ਮੁਸ਼ਕਲ ਪੈਦਾ ਕਰਨ ਦੀ ਕੋਸ਼ਿਸ਼ ਕਰਦੀਆਂ ਹੁੰਦੀਆਂ ਸਨ। ਕਦੀ ਕਹਿਣਾ ਨਨਕਾਣਾ ਸਾਹਿਬ ਅਜਾਦ ਕਰੋ। ਅਖੇ ਪਾਕਿਸਤਾਨ ਅਸੈਂਬਲੀ ਵਿਚ ਲਾਂਘੇ ਦਾ ਮਤਾ ਪਾਸ ਕੀਤਾ ਜਾਵੇ। ਭਾਵ ਚਲਦੇ ਘੋੜੇ ਨੂੰ ਚਾਬੁਕ ਮਾਰਨਾ।

ਸ਼ੁਰੂ ਸ਼ੁਰੂ ਵਿਚ ਸਾਬਕਾ ਚੋਣ ਕਮਿਸ਼ਨਰ ਮਨੋਹਰ ਸਿੰਘ ਗਿੱਲ ਨੇ ਵੀ ਲਾਂਘਾ ਅੰਦੋਲਨ ਵਿਚ ਦਿਲਚਸਪੀ ਵਿਖਾਈ ਪਰ ਬਾਦ ਵਿਚ ਢਿੱਲਾ ਪੈ ਗਇਆ।





ਉਤੋਂ ਉਤੋਂ ਕੁਝ ਵੀ ਬਿਆਨ ਦਈ ਜਾਣ, ਇਹਨਾਂ ਤਿੰਨਾਂ ਦੇ ਮਰਜੀ ਦੇ ਬਿੰਨਾ ਲਾਂਘਾ ਖੁੱਲਣਾ ਸੰਭਵ ਨਹੀ ਸੀ। ਇਸ ਨੇਕ ਦੀ ਪਹਿਲ ਕੀਤੀ ਇਮਰਾਨ ਖਾਂ ਪ੍ਰਧਾਨ ਮੰਤਰੀ ਪਾਕਿਸਤਾਨ, ਲਾਂਘਾ ਖੋਲਣ ਦੀ ਸਿਫਾਰਸ਼ ਕੀਤੀ ਕੈਪਟਨ ਅਮਰਿੰਦਰ ਸਿੰਘ ਮੁਖ ਮੰਤਰੀ ਪੰਜਾਬ ਅਤੇ ਇਸ ਤੇ ਪ੍ਰਵਾਨਗੀ ਦੀ ਮੋਹਰ ਲਾਈ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਭਾਰਤ ਸਰਕਾਰ ਨੇ।

30 ਨਵੰਬਰ 2005 ਨੂੰ ਬਟਾਲੇ ਗੁਰਿੰਦਰ ਸਿੰਘ ਦੇ ਘਰ ਨਾਰੋਵਾਲ ਦੀ ਮੈਂਬਰ ਪਾਰਲੀਮੈਂਟ ਬੀਬੀ ਰਿਫਤ ਕਾਹਲੋਂ ਆਈ ਜਿਸ ਦਾ ਵੱਡੇ ਪੱਧਰ ਤੇ ਸਵਾਗਤ ਹੋਇਆ। ਹਾਲਾਂ ਮੀਡੀਏ ਨੇ ਜਿਆਦਾ ਗਲ ਨਾਂ ਚੁੱਕੀ।

ਅੰਮ੍ਰਿਤਸਰ ਦੇ ਲਿਖਾਰੀ ਹੁਸਨਲ ਚਰਾਗ ਨੇ ਕੌਮਾਂਤਰੀ ਤੀਰਥ ਯਾਤਰਾਵਾਂ ਨੇ ਕਿਤਾਬਚਾ ਲਿੱਖ ਕੇ ਅੰਦੋਲਨ ਦੀ ਮਦਦ ਕੀਤੀ। ਪਰ ਪੰਜਾਬ ਦੇ ਬਾਕੀ ਲਿਖਾਰੀ ਇਸ ਮਸਲੇ ਤੇ ਚੁੱਪ ਹੀ ਰਹੇ।

ਤ੍ਰਿਦਿਵੇਸ਼ ਸਿੰਘ ਮੈਨੀ ਦੇ ਯਤਨਾਂ ਕਰਕੇ 2008 ਵਿਚ ਅਮਰੀਕੀ ਰਾਜਦੂਤ ਜਾਨ ਮੈਕਡੋਲਡ ਨੇ ਜਦੋਂ ਲਾਂਘੇ ਦਾ ਮੌਕਾ ਵੇਖਿਆ ਤਾਂ ਇਸ ਨਾਲ ਵੀ ਅੰਦੋਲਨ ਨੂੰ ਵੱਡੀ ਤਾਕਤ ਮਿਲੀ। ਜਿਸ ਕਰਕੇ 10 ਦਿਨ ਬਾਦ ਹੀ ਭਾਰਤ ਦੇ ਓਹਨੀ ਦਿਨੀ ਵਿਦੇਸ਼ ਮੰਤਰੀ ਪ੍ਰਨਾਬ ਮੁਖਰਜੀ ਨੂੰ ਵੀ ਲਾਂਘੇ ਦਾ ਮੌਕਾ ਵੇਖਣਾ ਪਿਆ। ਹਾਰ ਕੇ ਪਹਿਲੀ ਅਕਤੂਬਰ 2010 ਨੂੰ ਅਕਾਲੀ ਦਲ ਨੇ ਲਾਂਘੇ ਦੇ ਹੱਕ ਵਿਚ ਅਸੈਂਬਲੀ ਵਿਚ ਮਤਾ ਪਾਸ ਕਰ ਦਿੱਤਾ। ਇਸ ਵਿਚ ਅਮਰੀਕਾ ਰਹਿੰਦੇ ਗੁਰਸਿੱਖ ਅਮਰ ਸਿੰਘ ਮੱਲੀ ਅਤੇ ਗੁਰਚਰਨ ਸਿੰਘ ਨੇ ਉਪਰਾਲੇ ਕੀਤੇ ਸਨ।

ਇਸ ਲੰਮੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੀ ਜੋ ਪਹੁੰਚ ਰਹੀ ਉਸ ਨੇ ਸਾਬਤ ਕਰ ਦਿੱਤਾ ਕਿ ਇਹ ਦੋਵੇ ਪੰਥਕ ਜਥੇਬੰਦੀਆਂ ਤੇ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਸਰਕਾਰੀ ਕੰਟਰੋਲ ਹੈ।

ਇਸ 18 ਸਾਲ ਦੇ ਲੰਮੇ ਸਮੇਂ ਦੌਰਾਨ ਭਾਰਤ ਸਰਕਾਰ ਨੇ ਇਸ ਮਸਲੇ ਤੇ ਚੁੱਪ ਬਣਾ ਰੱਖੀ। ਪਹਿਲੀ ਗਲ ਤਾਂ ਸਿੱਖ ਮੈਂਬਰ ਇਸ ਬਾਬਤ ਕਦੀ ਪਾਰਲੀਮੈਂਟ ਵਿਚ ਸਵਾਲ ਨਹੀ ਸਨ ਕਰਦੇ ਜੇ ਕੋਈ ਹੋਰ ਕਰਦਾ ਤਾਂ ਸਰਕਾਰ ਗੋਲ ਮੋਲ ਜਵਾਬ ਦੇ ਦਿੰਦੀ ਸੀ। ਬੀਬੀ ਪ੍ਰਨੀਤ ਕੌਰ ਦੇ ਡਿਪਟੀ ਵਿਦੇਸ਼ ਮੰਤਰੀ ਕਾਲ ਦੌਰਾਨ ਤਾਂ ਸਗੋਂ ਅੰਦੋਲਨ ਨੂੰ ਢਾਹ ਲੱਗੀ ਸੀ ਜਦੋਂ ਇਸ ਬੀਬੀ ਨੇ ਬਿਆਨ ਦਿੱਤੇ ਕਿ ਲਾਂਘਾ ਨਹੀ ਖੁੱਲ ਸਕਦਾ। ਹਾਲਾਂ ਇਹਦਾ ਪਤੀ ਲਾਂਘੇ ਦੇ ਹੱਕ ਵਿਚ ਸੀ। ਇਲਾਕੇ ਦਾ ਐਮ ਪੀ ਪ੍ਰਤਾਪ ਸਿੰਘ ਬਾਜਵਾ ਬਾਰ ਬਾਰ ਬਿਆਨ ਦੇ ਰਿਹਾ ਸੀ ਕਿ ਲਾਂਘਾ ਲੈਣ ਦੇ ਬਿਜਾਏ ਜਮੀਨ ਦੀ ਅਦਲਾ ਬਦਲੀ ਕਰਕੇ ਕਰਤਾਰਪੁਰ ਨੂੰ ਭਾਰਤ ਵਿਚ ਹੀ ਕਰ ਲਿਆ ਜਾਵੇ। ਇਸ ਤੇ ਨਕੋਦਰ ਦੇ ਜਥੇਦਾਰ ਊਧਮ ਸਿੰਘ ਔਲਖ ਨੇ ਬਿਆਨ ਦਿੱਤਾ ਕਿ ਬਾਜਵਾ ਲਾਂਘੇ ਵਿਚ ਰੁਕਾਵਟ ਪਾ ਰਿਹਾ ਹੈ। ਇਸ ਤੋਂ ਪਹਿਲੋਂ ਹਲਕੇ ਦੇ ਐਮ ਪੀ ਵਿਨੋਦ ਖੰਨਾ ਅਤੇ ਪਹਿਲਾਂ ਬੀਬੀ ਸੁਖਬੰਸ ਕੌਰ ਭਿੰਡਰ ਨੇ ਅੰਦੋਲਨ ਦੀ ਮਦਦ ਕਰਨ ਬਿਜਾਏ ਸਿਰਫ ਲੋਕ ਸਭਾ ਨੂੰ ਏਨੀ ਜਾਣਕਾਰੀ ਦਿੱਤੀ ਕਿ ਇਲਾਕੇ ਵਿਚ ਫਲਾਣਾ ਅੰਦੋਲਨ ਚਲ ਰਿਹਾ ਹੈ।

ਇਸ ਤੋਂ ਇਲਾਵਾ ਸੰਗਰੂਰ ਦੇ ਬਾਬਾ ਜੰਗ ਸਿੰਘ ਨੇ ਪੁੰਨਿਆ ਤੇ ਅਰਦਾਸ ਕਰਨੀ ਆਰੰਭੀ ਪਰ ਵਿਚੇ ਛੱਡ ਗਏ। ਰਘਬੀਰ ਸਿੰਘ, ਡਾ. ਬਲਬੀਰ ਸਿੰਘ ਢੀਂਗਰਾ ਤੇ ਸਰਬਜੀਤ ਸਿੰਘ ਕਲਸੀ ਨੇ ਅਰਦਾਸ ਪੁੰਨਿਆ ਤੇ ਸ਼ੁਰੂ ਕਰ ਦਿਤੀ।




**ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥** ਲਾਂਘਾ ਅੰਦੋਲਨ 18 ਸਾਲ ਚਲਿਆ ਪਰ ਇਹਦੇ ਖੁੱਲਣ ਦਾ ਕਾਰਨ ਬਣਿਆ ਨਵਜੋਤ ਸਿੰਘ ਸਿੱਧੂ ਅਤੇ ਪਾਕਿਸਤਾਨੀ ਫੌਜੀ ਜਰਨੈਲ ਕਮਰ ਜਾਵੇਦ ਬਾਜਵਾ ਦੀ ਜੱਫੀ।

ਮੁਕਦੀ ਗਲ ਕਿ ਲਾਂਘੇ ਦੀ ਮੰਗ ਹੁਣ ਘਰ ਘਰ ਪਹੁੰਚ ਚੁੱਕੀ ਸੀ।

ਲਾਂਘਾ ਪ੍ਰਚਾਰ ਦੌਰਾਨ ਅਸੀ ਮਹਿਸੂਸ ਕੀਤਾ ਕਿ ਜਿੰਨਾ ਕੋਲੋ ਬਾਬਾ ਸੇਵਾ ਲੈਂਦਾ ਹੈ ਆਪ ਡੰਡੇ ਨਾਲ ਲੈਂਦਾ ਹੈ। ਜਥੇਦਾਰ ਵਡਾਲਾ ਵੀ ਪਹਿਲਾਂ ਇਹ ਕੰਮ ਹੱਥ ਵਿਚ ਲੈਣ ਲਈ ਤਿਆਰ ਨਹੀ ਸੀ। ਫਿਰ ਜਸਬੀਰ ਸਿੰਘ ਜਫਰਵਾਲ ਵਲੋਂ ਇਕੱਠੀ ਕੀਤੀ ਸੰਗਤ ਨੇ ਬੁਰਜ ਸਾਹਿਬ ਧਾਰੀਵਾਲ ਜਦੋਂ ਜਲਵਾ ਦਿਖਾਇਆ ਤਾਂ ਤੁਰ ਪਿਆ। ਅਸੀ ਖੁਦ ਵੀ ਸਿੱਖੀ ਪੱਖੋ ਕੋਰੇ ਹੀ ਸੀ ਕਿ ਪੰਜਾ ਸਾਹਿਬ ਸਬੱਬੀ ਗਲ ਕਰਨ ਦੇ ਹਾਲਾਤ ਬਣ ਗਏ। ਪ੍ਰਚਾਰ ਦੌਰਾਨ ਸਾਨੂੰ ਨਾਕੇ ਰੋਕ ਨਹੀ ਸੀ ਪਾਉਂਦੇ।

ਏਸੇ ਤਰਾਂ ਬਾਬੇ ਨੇ ਮਿਹਰ ਭਰਿਆ ਹੱਥ ਨਵਜੋਤ ਸਿੰਘ ਸਿੱਧੂ ਨਾਂ ਦੇ ਲੀਡਰ ਦੇ ਸਿਰ ਤੇ ਰੱਖਿਆ। 18 ਅਗਸਤ 2018 ਨੂੰ ਜਦੋਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਂ ਦੇ ਸਹੁੰ ਚੁੱਕ ਸਮਾਗਮ ਵਿਚ ਨਵਜੋਤ ਨੇ ਸ਼ਿਰਕਤ ਕੀਤੀ ਤਾਂ ਉਥੇ ਲਾਂਘੇ ਦੀ ਗਲ ਚਲ ਪਈ। ਜਿਸ ਦੀ ਸੂਹ ਮੀਡੀਏ ਨੂੰ ਵੀ ਲਗ ਗਈ। ਇਧਰ ਹਿੰਦੁਸਤਾਨ ਵਿਚ ਰੌਲਾ ਪੈ ਗਇਆ ਕਿ ਨਵਜੋਤ ਨੇ ਮੁਲਕ ਨਾਲ ਗੱਦਾਰੀ ਕਰ ਦਿੱਤੀ ਹੈ। ਨਵਜੋਤ ਦੀ ਵਜੀਰੀ ਵੀ ਖੁੱਸ ਗਈ। ਇਸ ਮੌਕੇ ਬਾਦਲ ਪ੍ਰਵਾਰ ਨੇ ਨਹਾਇਤ ਘਟੀਆ ਰੋਲ ਨਿਭਾਇਆ ਕਿਉਕਿ ਸਿੱਖ ਕਦੀ ਵੀ ਅਕਾਲੀ ਦਲ ਦੇ ਪ੍ਰਧਾਨ ਕੋਲੋਂ ਗੁਰਧਾਮ ਦਰਸ਼ਨਾ ਦੇ ਵਿਰੋਧ ਦੀ ਤਵੱਕੋ ਨਹੀ ਸਨ ਕਰ ਸਕਦੇ। ਇਕ ਮੌਕੇ ਤਾਂ ਪ੍ਰਧਾਨ ਨੇ ਇਹ ਬਿਆਨ ਵੀ ਦੇ ਦਿਤਾ ਕਿ ਲਾਂਘਾ ਖੁੱਲਣ ਨਾਲ ਭਾਰਤ ਦੀ ਸੁਰੱਖਿਆ ਨੂੰ ਖਤਰਾ ਹੋਵੇਗਾ। ਪਰ ਮਸਲੇ ਨੇ ਅਜਿਹੀ ਤੂਲ ਫੜੀ ਕਿ ਪਾਕਿਸਤਾਨ ਨੇ ਐਲਾਨ ਕਰ ਦਿਤਾ ਕਿ ਉਹ ਲਾਂਘਾ ਖੋਲਣ ਲਈ ਤਿਆਰ ਹੈ।

ਲਾਂਘਾ ਖੁੱਲਣ ਨਾਲ ਸਿੱਖ ਸ਼ਰਧਾਲੂਆਂ ਦੀ 72 ਸਾਲ ਪੁਰਾਣੀ ਦਰਸ਼ਨਾਂ ਦੀ ਤਾਂਘ ਤਾਂ ਪੂਰੀ ਹੋਵੇਗੀ ਨਾਲ ਦੋਵਾਂ ਮੁਲਕਾਂ ਵਿਚ ਸਬੰਧ ਵੀ ਸੁਧਰਨੇ ਹਨ ਕਿਉਕਿ ਗੁਰੂ ਸਾਹਿਬ ਇਸਲਾਮ ਅਤੇ ਹਿੰਦੂ ਧਰਮ ਦਰਮਿਆਨ ਪੁਲ ਦੀ ਨਿਆਈ ਵਿਚਰੇ ਹਨ। ਲਾਂਘਾ ਅੰਦੋਲਨ ਦੌਰਾਨ ਸਾਡਾ ਨਾਹਰਾ ਵੀ ਹੁੰਦਾ ਸੀ। 'ਦੋਵਾਂ ਮੁਲਕਾਂ ਦੇ ਪੁਲ। ਕਰਤਾਰਪੁਰ ਲਾਂਘਾ ਜਾਵੇ ਖੁੱਲ।' (ਅਤੇ 'ਬਾਬੇ ਨਾਨਕ ਦਾ ਜਹਾਨ। ਜਾਤ ਨਾਂ ਮਜ਼ਬ, ਬਸ ਇਕ ਇਨਸਾਨ।') ਖੈਰ ਇਹ ਗੱਲਾਂ ਤਾਂ ਬਾਦ ਵਿਚ ਹੌਲੀ ਹੌਲੀ ਹੋਣੀਆਂ ਹਨ ਪੰਜਾਬੀਆਂ ਨੂੰ ਸਭ ਤੋਂ ਵੱਡਾ ਫਾਇਦਾ ਹੁਣ ਤਕ ਮਿਲ ਵੀ ਚੁੱਕਾ ਹੈ। ਜਿਵੇ ਪਿਛਲੇ ਕੁਝ ਸਾਲਾਂ ਤੋਂ ਹਿੰਦੁਸਤਾਨ ਦੀਆਂ ਫਿਰਕਾਪ੍ਰਸਤ ਅਜੈਂਸੀਆਂ ਗੁਰੂ ਗ੍ਰੰਥ ਸਾਹਿਬ ਦਾ ਨਿਰਾਦਰ ਕਰਦੀਆਂ ਆ ਰਹੀਆਂ ਸਨ ਹੁਣ ਉਹਨਾਂ ਨੂੰ ਠੱਲ ਪਈ। ਅਗਲਿਆਂ ਨੂੰ ਅਹਿਸਾਸ ਹੋ ਗਇਆ ਹੈ ਕਿ ਅਜਿਹਾ ਕਰਨ ਨਾਲ ਪੰਜਾਬੀਆਂ ਦਾ ਝੁਕਾਅ ਪਾਕਿਸਤਾਨ ਵਲ ਹੋ ਜਾਵੇਗਾ। ਐਨ ਇਹੋ ਗਲ 1947 ਵੇਲੇ ਅੰਗਰੇਜ ਅਕਾਲੀ ਲੀਡਰਾਂ ਨੂੰ ਸਮਝਾ ਰਹੇ ਸਨ ਕਿ ਸਬੰਧ ਦੋਵਾਂ ਨਾਲ ਰੱਖੋ ਅਤੇ ਪਾਸਕੂ ਹੋ ਕੇ ਵਿਚਰੋਂ, ਦੋਵੇਂ ਧਿਰਾਂ ਤੁਹਾਡੀ ਕਦਰ ਕਰਨਗੀਆਂ। ਜੇ ਇਕ ਦੀ ਝੋਲੀ ਵਿਚ ਪੈ ਗਏ ਤੇ ਅਗਲੇ ਨੇ ਤੁਹਾਨੂੰ ਨਿਗਲ ਜਾਣਾ ਹੈ। ਪਰ ਬਦਕਿਸਮਤੀ ਨਾਲ ਅਕਾਲੀ ਲੀਡਰ ਇਹ ਗਲ ਉਦੋਂ ਸਮਝ ਹੀ ਨਹੀ ਸਨ ਰਹੇ।

ਖੈਰ 22 ਅਕਤੂਬਰ 2018 ਭਾਰਤ ਸਰਕਾਰ ਨੇ ਪਾਕਿਸਤਾਨ ਦੀ ਤਜਵੀਜ ਉਤੇ ਮੋਹਰ ਲਾ ਦਿੱਤੀ ਕਿ ਉਹ ਗੁਰੂ ਸਾਹਿਬ ਦੇ 550 ਵੇ ਸਲਾਨਾ ਗੁਰਪੁਰਬ ਤੋਂ ਤਿੰਨ ਦਿਨ ਪਹਿਲਾਂ ਲਾਂਘਾ ਖੋਲਣ ਲਈ ਤਿਆਰ ਹੈ।

ਫਿਰਕਾਪ੍ਰਸਤ ਅਜੈਂਸੀਆਂ ਦੇ ਵਿਰੋਧ ਅਤੇ ਥਾਂ ਥਾਂ ਤੇ ਆਈਆਂ ਔਕੜਾਂ ਦੇ ਬਾਵਜੂਦ ਭਾਰਤੀ ਪ੍ਰਧਾਨ ਮੰਤਰੀ ਮੋਦੀ ਨੇ ਦਲੇਰੀ ਵਿਖਾਉਂਦੇ ਹੋਏ 9 ਨਵੰਬਰ ਨੂੰ ਲਾਂਘੇ ਦਾ ਉਦਘਾਟਨ ਕਰ ਹੀ ਦਿਤਾ। ਦੂਸਰੇ ਪਾਸੇ ਇਮਰਾਨ ਖਾਂ ਦੇ ਨਜਰੀਏ ਨੇ ਸਿੱਖਾਂ ਦਾ ਦਿੱਲ ਜਿੱਤ ਲਿਆ। ਗੁਰਸਿੱਖ ਦੋਵਾਂ ਲੀਡਰਾਂ ਨੂੰ ਧੰਨਵਾਦ ਕਹਿੰਦੇ ਹਨ।

ਮੁੱਕਦੀ ਗਲ ਲਾਂਘੇ ਦਾ ਖੁੱਲਣਾ ਗੁਰੂ ਸਾਹਿਬ ਦਾ ਕਲਿਜੁਗ ਵਿਚ ਕੀਤਾ ਚਮਤਕਾਰ ਹੈ। ਕਿਉਕਿ ਸੰਗਤ ਤੋਂ ਸਿਵਾ ਹਰ ਕੋਈ ਲਾਂਘੇ ਦੇ ਖਿਲਾਫ ਸੀ; ਅਕਾਲੀ ਦਲ ਵੀ।

ਭੁੱਲ ਚੁੱਕ ਬਖਸ਼ ਲੈਣਾ ਜੀ- **ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥ ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥**

▲

ਬਾਬ-114

# ਡੇਰਾ ਬਾਬਾ ਨਾਨਕ: ਗੁਰੂ ਨਾਨਕ ਦੀ ਤੀਸਰੀ ਸਮਾਧ

## (ਕਬਰ ਤੇ ਸਮਾਧ ਕਰਤਾਰਪੁਰ ਵਿਖੇ)

**ਕਰਤਾਰਪੁਰ ਦਾ ਹੜ੍ਹ ਵਿਚ ਰੁੜਨਾ–** ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ 8 ਸਾਲ ਬਾਦ (1547 ਈ.) ਹੀ ਰਾਵੀ ਵਿੱਚ ਵੱਡਾ ਹੜ੍ਹ ਆਇਆ। ਜਿਸ ਨੇ ਗੁਰੂ ਸਾਹਿਬ ਦੀ ਅਬਾਦ ਕੀਤੀ ਹੋਈ ਨਗਰੀ ਤਬਾਹ ਕਰੀ। ਕਿਉਕਿ ਇਥੇ ਰੌਣਕ ਬਣੀ ਰਹਿੰਦੀ ਜਿਸ ਕਰਕੇ ਤਰਾਂ ਤਰਾਂ ਦੀਆਂ ਦੁਕਾਨਾਂ ਇਥੇ ਬਣ ਗਈਆਂ ਸਨ। ਉਹ ਕਿਸਾਨ ਜਿੰਨਾਂ ਦੀ ਜਮੀਨ ਨੇੜੇ ਪੈਂਦੀ ਸੀ ਓਨਾਂ ਨੇ ਵੀ ਇਥੇ ਹੀ ਆ ਛੰਨਾਂ ਬਣਾਂ ਲਈਆਂ ਸਨ। ਹੜ੍ਹ ਨੇ ਬਹੁਤ ਕੁਝ ਤਬਾਹ ਕਰ ਦਿੱਤਾ। ਪਰ ਪਿੰਡ ਪੱਖੋਕੇ ਦਾ ਜਿਆਦਾ ਨੁਕਸਾਨ ਨਹੀ ਸੀ ਹੋਇਆ।





ਦਰਬਾਰ ਸਾਹਿਬ ਡੇਰਾ ਬਾਬਾ ਨਾਨਕ। (ਖੱਬੇ) ਚੰਦੂ ਲਾਲ ਟੰਡਨ, ਪ੍ਰਧਾਨ ਮੰਤਰੀ ਨਜਾਮ ਹੈਦਰਾਬਾਦ ਦੀ ਬਣਾਈ ਇਮਾਰਤ ਅਤੇ (ਸੱਜੇ) 1973 ਈ 'ਚ ਬਣਾਈ ਇਮਾਰਤ ਜਿਸ ਨੂੰ ਹੁਣੇ ਹੁਣੇ (2019) ਵਿਚ ਢਾਹ ਦਿਤਾ ਗਿਆ ਹੈ।

ਏਨਾ ਹੀ ਨਹੀ ਸੰਮਤ 1640 ਬਿ. (1583 ਈ.) ਰਾਵੀ ਵਿੱਚ ਹੋਰ ਵੀ ਵੱਡਾ ਹੜ੍ਹ ਆਇਆ। ਬੇਦੀਆਂ ਦੀ ਬਣਾਈ ਹੋਈ ਗੁਰੂ ਸਾਹਿਬ ਦੀ ਸਮਾਧੀ ਤੇ ਮੁਸਲਮਾਨਾਂ ਵਲੋਂ ਬਣਾਈ ਹੋਈ ਕਬਰ ਸਭ ਰੁੜ੍ਹ ਪੁੜ੍ਹ ਗਈਆਂ।◈ ਬੇਦੀਆਂ ਨੂੰ ਚਿੰਤਾ ਹੋਈ ਕਿਉਕਿ ਸਮਾਧੀ ਅੰਦਰ ਜਿਹੜੀ ਗੜ੍ਹਵੀ ਦੱਬੀ ਸੀ ਉਹ ਸੋਨੇ ਦੀ ਸੀ। ਗੁਰੂ ਸਾਹਿਬ ਦੇ ਪੋਤਰੇ ਬਾਬਾ ਧਰਮ ਚੰਦ ਨੇ ਤੁਰੰਤ ਬਾਬਾ ਸ੍ਰੀ ਚੰਦ ਨੂੰ ਸੁਨੇਹਾ ਭੇਜ ਕੇ ਸੱਦ ਲਿਆ। (ਬਾਬਾ ਲਖਮੀ ਦਾਸ ਪਹਿਲਾਂ ਹੀ ਭਾਵ 1555 ਈ. ਨੂੰ ਚੜ੍ਹਾਈ ਕਰ ਚੁੱਕੇ ਸਨ।)

ਜਿਵੇਂ ਹੜ੍ਹ ਦਾ ਪਾਣੀ ਲੱਥਾ ਸਮਾਧ ਵਾਲੀ ਥਾਂ ਤੇ ਫੋਲਾ ਫਾਲੀ ਕੀਤੀ ਗਈ ਤੇ ਸਥਾਨ



ਦਰਬਾਰ ਸਾਹਿਬ ਡੇਰਾ ਬ.ਨ. ਵਿਖੇ ਗੁਰੂ ਸਾਹਿਬ ਦੀ ਤੀਸਰੀ ਸਮਾਧ ਤੇ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਾਈ ਹੋਈ ਸੋਨੇ ਦੀ ਪਾਲਕੀ

ਲੱਭ ਕੇ ਦੱਬੀ ਹੋਈ ਗੜ੍ਹਵੀ ਪੁੱਟ ਕੇ ਬਾਬਾ ਸ੍ਰੀ ਚੰਦ ਜੀ, ਪੱਖੋਕੇ ਲੈ ਆਏ। ਪਰ ਪ੍ਰੰਪਰਾ ਅਨੁਸਾਰ ਫੁੱਲ (ਅਸਥੀਆਂ) ਨੂੰ ਰਹਾਇਸ਼ ਵਾਲੇ ਕਮਰਿਆਂ ਵਿੱਚ ਰੱਖਣਾ ਵੀ ਲੋਕੀ ਸ਼ੁਭ ਨਹੀ ਸਨ ਮੰਨਦੇ ਇਸ ਕਰਕੇ ਸਵਾਲ ਉਠਿਆ ਕਿ ਬਿਭੂਤੀ ਵਾਲੀ ਗੜ੍ਹਵੀ ਕਿਥੇ ਰੱਖੀ ਜਾਏ। ਖੈਰ ਕੁਝ ਸਮਾਂ ਗੜ੍ਹਵੀ ਕਿਸੇ ਧਾਰਮਿਕ ਅਸਥਾਨ ਤੇ ਸੰਭਾਲੀ ਗਈ।

ਅਗਲੇ ਸਾਲ ਹੀ ਭਾਵ 1641 ਬਿ. ਨੂੰ ਮੋਹਤਬਰ ਸਿੱਖਾਂ ਤੇ ਸਾਹਿਬਜਾਦਿਆਂ ਇਹ ਤਹਿ ਕੀਤਾ ਕਿ ਗੜਵੀ ਅਜਿਤੇ ਰੰਧਾਵੇ ਦੇ ਡੇਰੇ ਤੇ ਜਿੱਥੇ ਗੁਰੂ ਸਾਹਿਬ ਨੇ ਕਾਫੀ ਸਮਾਂ ਬਿਤਾਇਆ ਸੀ ਓਥੇ ਦਫਨਾ ਦਿੱਤੀ ਜਾਏ। ਕਿਉਕਿ ਇਹ ਸਥਾਨ ਓਦੋਂ ਉੱਚਾਈ ਤੇ ਗਿਣਿਆ ਜਾਂਦਾ ਸੀ, ਨਾਲੇ ਸੀ ਵੀ ਰਾਵੀ ਤੋਂ ਚੋਖਾ ਹਟਵਾਂ। ਭਾਵ ਜਿਹੜਾ ਮੌਜੂਦਾ ਡੇਰਾ ਬਾਬਾ ਨਾਨਕ ਦਾ ਦਰਬਾਰ ਸਾਹਿਬ ਗੁਰਦੁਆਰਾ ਹੈ।

ਯਾਦ ਰਹੇ ਅੱਜ ਮੰਡ ਵਿੱਚ ਜਿਹੜੀਆਂ ਬਸਤੀਆਂ ਹਨ ਜਿਵੇ ਡੇਰਾ ਬਾਬਾ ਨਾਨਕ, ਪੱਖੋ ਕੇ ਟਾਹਲੀ ਸਾਹਿਬ ਆਦਿ ਇਹ ਸਭ ਕਿਸੇ ਵੇਲੇ ਉਚੇ ਟਿੱਬਿਆਂ ਤੇ ਸਨ। ਕਿਉਕਿ ਦਰਿਆ ਭਲ ਲਿਆਉਦੇ ਰਹਿੰਦੇ ਹਨ ਜਿਸ ਕਰਕੇ ਹੌਲੀ ਹੌਲੀ ਨਾਲ ਦੀਆਂ ਜਮੀਨਾਂ ਵੀ ਉੱਚੀਆਂ ਹੋਈ ਜਾਂਦੀਆਂ ਹਨ। ਪਰ ਬਸਤੀ ਵਾਲੀ ਥਾਂ ਦਾ ਪੱਧਰ ਪਹਿਲਾਂ ਵਾਲਾ ਹੀ ਬਣਿਆ ਰਹਿੰਦਾ ਹੈ।

ਸੋ ਗੱਜ ਵੱਜ ਕੇ ਭਾਵ ਪੂਰੇ ਰਸਮੋ ਰਵਾਜ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦੀ ਹਾਜਰੀ ਵਿੱਚ ਫਿਰ ਗੜ੍ਹਵੀ ਅਜਿਤੇ





**ਪਾਲਕੀ ਤੇ ਮਹਾਰਾਜੇ ਦਾ ਲੇਖ**

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ ਸੰਮਤ ੧੯੮੪ ਟਹਲ ਮਹਾਰਾਜਾ ਰਣਜੀਤ ਸਿੰਘ ਸਿਖ ਗੁਰੂ ਨਾਨਕ ਜੀ ਕਾ

ਪੈੜ ਸਫਾ

◈ ਦਰ ਅਸਲ ਸਿੱਖ ਧਰਮ ਵਿਚ ਮੜੀ ਜਾਂ ਸਮਾਧ ਦਾ ਸੰਕਲਪ ਹੈ ਹੀ ਨਹੀ। ਕਿਉਕਿ ਸਰਬ ਵਿਆਪਕ ਅਕਾਲ ਨੂੰ ਮੰਨਣ ਵਾਲੀ ਗੁਰਮਤ ਮੜੀਆਂ ਕਬਰਾਂ ਦੀ ਪੂਜਾ ਦੇ ਸਖਤ ਖਿਲਾਫ ਹੈ। ਪਰ ਸ਼ਰਧਾਵਾਨ ਗੁਰਸਿੱਖ ਇਤਹਾਸ ਤੋਂ ਹੀ ਪ੍ਰੇਰਨਾ ਪਾ ਕੇ ਹੀ ਜੀਵਨ ਜੁਧ ਵਿਚ ਜੂਝਦੇ ਹਨ। ਗੁਰੂ ਦੇ ਸਥਾਨ ਤੇ ਪਹੁੰਚ ਉਹਨਾਂ ਤੇ ਨਾਮ ਦੀ ਰੰਗਤ ਚੜ੍ਹਦੀ ਹੈ ਕਿਉਕਿ ਗੁਰਮਤ ਨਾਲ ਹੀ ਕਹਿੰਦੀ ਹੈ: "ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ" ਸੋ ਅਸਾਂ ਜੋ ਗੁਰਮਤ ਵਿਰੋਧੀ ਲਫਜ ਮੜੀ ਜਾਂ ਸਮਾਧ ਵਰਤਿਆ ਹੈ ਉਸ ਲਈ ਖਿਮਾ ਦੀ ਯਾਚਨਾ ਕਰਦੇ ਹਾਂ। ਮੜੀ ਲਫਜ ਸਤਿਕਾਰ ਪੂਰਬਕ ਜਿਹਾ ਨਹੀ ਲਗਦਾ ਤੇ ਸਮਾਧ ਲਫਜ ਜੋਗੀ ਦੀ ਸਮਾਧੀ ਤੋਂ ਆਉਦਾ ਹੈ।

ਰੰਧਾਵੇ ਦੇ ਡੇਰੇ ਵਾਲੇ ਥਾਂ ਤੇ ਡੂੰਘੀ ਦਫਨਾ ਦਿੱਤੀ ਗਈ। ਪੱਕਾ ਦੇਹੁਰਾ ਵੀ ਬਣਾ ਦਿੱਤਾ। ਇਸ ਕਰਮ ਕਾਂਡੀ ਕੰਮ ਦਾ ਭਾਵ ਗੁਰੂ ਸਾਹਿਬ ਦਾ ਦੇਹੁਰਾ ਬਣਾਉਣ ਦੀ ਗੁਰਸਿਖਾਂ ਨੇ ਮੁਖਾਲਫਤ ਵੀ ਕੀਤੀ।

ਭਾਈ ਗੁਰਦਾਸ ਤਾਂ ਸਾਹਿਬਜਾਦਿਆਂ ਦੀ ਮੁਖਾਲਫਤ ਕਰਦੇ ਹੋਏ ਕੁਝ ਜਿਆਦਾ ਹੀ ਤਿੱਖਾ ਲਿਖ ਗਏ:-

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ॥
ਲਖਮੀਦਾਸਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ॥
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ॥
ਮੋਹਣ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ॥
ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ॥
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਪੁਤਾਂ ਭਉਕਾਇਆ॥
ਚੰਦਨ ਵਾਸੁ ਨ ਵਾਸ ਬੋਹਾਇਆ ॥

ਬੇਦੀਆਂ ਦੇ ਪ੍ਰਵਾਰਾਂ ਦੇ ਨਾਲ ਨਾਲ ਕੁਝ ਹੋਰ ਪ੍ਰਵਾਰ ਪੱਖੋਕੇ ਪਿੰਡ ਤੋਂ ਉੱਠ ਦੇਹੁਰੇ (ਦਰਬਾਰ ਸਾਹਿਬ) ਦੇ ਸਾਹਮਣੇ ਚੜ੍ਹਦੇ ਪਾਸੇ ਵੱਸ ਗਏ। ਅਬਾਦੀ ਦੀ ਜਰੂਰਤ ਅਨੁਸਾਰ ਬਾਬਾ ਸ੍ਰੀ ਚੰਦ ਨੇ ਵੱਡਾ ਖੂਹ ਵੀ ਲਵਾ ਦਿੱਤਾ ਜਿਸ ਨੂੰ 'ਸਰਜੀ' ਕਿਹਾ ਜਾਂਦਾ ਹੈ।▫ ਸਰ ਤੋਂ ਭਾਵ ਸਰੋਵਰ।

ਓਹਨਾਂ ਦਿਨਾਂ ਵਿੱਚ ਟੰਡਣ ਗੋਤ ਦਾ ਬੜਾ ਮਹੱਤਵਪੂਰਨ ਖੱਤਰੀ ਰਾਜਾ ਟੋਡਰ ਮਲ ਹੋਇਆ ਹੈ। ਜੋ ਬਾਦਸ਼ਾਹ ਅਕਬਰ ਦੇ ਨੌ ਰਤਨਾਂ ਵਿਚੋ ਇਕ ਸੀ। ਉਸ ਦੇ ਪੋਤਰੇ ਨਾਨਕ ਚੰਦ ਨੇ ਆਪਣੇ ਭਤੀਜੇ ਚੰਦੂ ਲਾਲ ਨੂੰ ਦੇਹੁਰੇ ਦੀ ਕਾਰ ਸੇਵਾ ਲਈ ਪ੍ਰੇਰਿਆ। ਚੰਦੂ ਲਾਲ ਨਿਜਾਮ ਹੈਦਰਾਬਾਦ ਦਾ ਪ੍ਰਧਾਨ ਮੰਤਰੀ ਸੀ। ਫਿਰ ਸੰਮਤ 1744 ਈ. ਪਹਿਲਾਂ ਵਾਲਾ ਦੇਹੁਰਾ ਤੋੜ ਕੇ ਨਵਾ ਸੰਗਮਰਮਰ ਲਾ ਕੇ ਬਣਾ ਦਿੱਤਾ ਗਿਆ। ਨਾਨਕ ਚੰਦ ਟੰਡਨ ਨੂੰ ਪ੍ਰੇਰਣ ਵਾਲੇ ਬੇਦੀ ਮਿਹਰ ਚੰਦ ਅਤੇ ਉਸਦਾ ਪੁੱਤਰ ਦਾਤਾਰ ਚੰਦ ਸਨ। ਇਨਾਂ ਬੇਦੀ ਪੁੱਤਰਾਂ ਨੇ ਰੰਧਾਵਿਆਂ ਕੋਲੋ ਇਹ ਸਾਰੀ 8000 ਵਿਘਾ ਜਮੀਨ ਖਰੀਦ ਹੀ ਲਈ।•

ਇਸ ਇਮਾਰਤ ਦੀ ਦੁਰਲੱਭ ਤਸਵੀਰ ਪਿੱਛੇ ਦਿੱਤੀ ਗਈ ਹੈ। ਇਸ ਦੇ ਸੁਨਿਹਰੀ ਗੁੰਬਦ ਦੀ ਆਪਣੀ ਹੀ ਸ਼ਾਨ ਸੀ।

ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਇਸ ਦੇਹੁਰੇ ਤੇ ਸੋਨੇ ਦੀ ਪਾਲਕੀ 1827 ਈ. ਚੜਾਈ ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਗੁਰਦੁਆਰਿਆ ਵਿੱਚ ਲੱਗੀਆਂ ਪਾਲਕੀਆਂ ਤੋਂ ਸਭ ਤੋਂ ਖੂਬਸੂਰਤ ਹੈ। ਮਹਾਰਾਜਾ ਨੂੰ ਇਸ ਕੰਮ ਲਈ ਪ੍ਰੇਰਣ ਵਾਲਾ ਸੀ ਉਹਨਾਂ ਦਾ ਹੀ ਜਰਨੈਲ ਸੁੱਧ ਸਿੰਘ ਜੋ ਪਿੰਡ ਦੋਦਾ ਤੋਂ ਹੀ ਸੀ। ਸੁੱਧ ਸਿੰਘ ਰਾਂਹੀ ਮਹਾਰਾਜੇ ਨੇ ਕਰਤਾਰਪੁਰ ਸਾਹਿਬ ਦੀ ਇਮਾਰਤ ਦੀ ਵੀ ਕਾਰਸੇਵਾ ਕਰਵਾਈ। ਗੁਰਦੁਆਰਾ ਸਾਹਿਬ ਦੇ ਨਾਂ ਤੇ ਕਈ ਪਿੰਡਾਂ ਵਿੱਚ ਜਗੀਰਾਂ ਲਾ ਦਿੱਤੀਆਂ ਕਿ ਮਾਇਆ ਦੀ ਕਮੀ ਨਾਂ ਰਹੇ।

ਇਨਾਂ ਹੀ ਦਿਨਾਂ ਵਿੱਚ ਮਹਾਰਾਜੇ ਨੇ ਆਪਣੇ ਪੁੱਤਰ ਖੜਗ ਸਿੰਘ ਰਾਂਹੀ ਨੇੜੇ ਹੀ ਕਲਾਨੌਰ ਦੇ ਸ਼ਿਵ ਮੰਦਰ ਦੀ ਕਾਰ ਸੇਵਾ ਵੀ ਕਰਵਾਈ।



ਪੁਰਾਤਤ ਪੱਖੋ ਬਹੁਤ ਹੀ ਅਮੀਰ ਹੈ ਗੁਰਦੁਆਰਾ ਦਰਬਾਰ ਸਾਹਿਬ ਦਾ ਚੁਗਿਰਦਾ (ਅਹਾਤਾ)। ਜਦੋਂ ਨਵੀ ਇਮਾਰਤ ਵਾਸਤੇ ਨੀਂਹ ਪੁੱਟੀ ਜਾ ਰਹੀ ਸੀ ਤਾਂ ਸਭ ਨੇ ਵੇਖਿਆ ਕਿ ਇਥੇ ਵੱਖਰੇ ਵੱਖਰੇ ਸਮਿਆਂ ਦੀਆਂ ਅਨੇਕਾਂ ਕਿਸਮ ਦੀਆਂ ਕਈ ਕਈ ਨੀਹਾਂ ਸਨ। ਭਾਈ ਨਾਨਕਚੰਦ ਟੰਡਣ ਵਾਲੀ ਇਮਾਰਤ ਦੀ ਕਿੰਗਰਿਆਂ ਵਾਲੀ ਨੀਂਹ ਵੀ ਦੱਸ ਰਹੀ ਸੀ ਕਿ ਇਸ ਤੇ ਸ਼ਾਹੀ ਖਰਚੇ ਹੋਏ ਹਨ। ਇਹ ਅਮੀਰੀ ਸਾਬਤ ਕਰਦੀ ਹੈ ਕਿ ਕਰਤਾਰਪੁਰ ਸਾਹਿਬ ਬੰਨਣ ਤੋਂ ਪਹਿਲਾਂ ਅਜਿਤੇ ਰੰਧਾਵੇ ਦਾ ਡੇਰਾ ਹੀ ਧਰਮਸਾਲ ਸੀ।

ਡੇਰਾ ਬਾਬਾ ਨਾਨਕ ਦੀ ਵਿਸਾਖੀ ਦੋ ਤਿੰਨ ਜਿਲਿਆ ਗੁਰਦਾਸਪੁਰ, ਸਿਆਲਕੋਟ ਅਤੇ ਅੰਮ੍ਰਿਤਸਰ ਵਿੱਚ ਮਸ਼ਹੂਰ ਹੋ ਚੁੱਕੀ ਸੀ। ਵੱਡਾ ਮੇਲਾ ਲੱਗਿਆ ਕਰਦਾ ਸੀ ਏਥੇ। ਹਜ਼ਾਰਾਂ ਦੁਕਾਨਾਂ ਲੱਗਿਆ ਕਰਦੀਆਂ ਸਨ। ਵਿਸਾਖੀ ਦੀ ਛਿੰਜ (ਘੋਲ ਕੁਸ਼ਤੀਆਂ) ਪੂਰੇ ਪੰਜਾਬ ਵਿੱਚ ਮਸ਼ਹੂਰ ਸਨ। ਸਾਰੀਆਂ ਰਾਜਨੀਤਕ ਪਾਰਟੀਆਂ ਇਥੇ ਕਾਨਫ੍ਰੰਸਾਂ ਵੀ ਕਰਿਆ ਕਰਦੀਆਂ ਸਨ।

ਭਾਈ ਨਾਨਕ ਚੰਦ ਵਾਲੀ ਇਮਾਰਤ ਹੁਣ ਬਹੁਤ ਛੋਟੀ ਮਹਿਸੂਸ ਹੋਣੀ ਸ਼ੁਰੂ ਹੋ ਗਈ।

ਸੰਨ 1970 ਈ. ਵਿੱਚ ਫਿਰ ਸ਼੍ਰੋਮਣੀ ਕਮੇਟੀ ਨੇ ਇਸ ਅਸਥਾਨ ਨੂੰ ਖੁੱਲਾ ਕਰਨ ਹਿੱਤ ਇਸ ਦੀ ਕਾਰਸੇਵਾ ਕਰਵਾਈ ਜਿਸ ਦੀ ਖਾਸੀਅਤ ਇਹ ਸੀ ਕਿ ਨਾਨਕ ਚੰਦ ਟੰਡਣ ਵਾਲੇ ਗੁੰਬਦ ਦਾ ਡੀਜਾਈਨ ਹੂ ਬਹੂ ਅਪਣਾ ਲਿਆ ਗਿਆ। ਕਿਉਕਿ ਇਮਾਰਤ ਖੁੱਲੀ ਕਰਨੀ ਸੀ ਇਸ ਕਰਕੇ ਖੂਹ ਨੂੰ ਇਮਾਰਤ ਦੇ ਵਿੱਚ ਹੀ ਖੱਬੇ ਹੱਥ ਲੈ ਲਿਆ ਗਿਆ। ਉਪਰ ਜਿਹੜਾ ਹਲਟ ਚਲਦਾ ਸੀ ਉਹ ਹਟਾ ਦਿੱਤਾ ਗਇਆ ਕਿਉਕਿ ਹੁਣ ਡੇਰਾ ਬਾਬਾ ਨਾਨਕ ਦੀ ਅਬਾਦੀ ਪੀਣ ਲਈ ਇਸ ਖੂਹ ਦਾ ਪਾਣੀ ਨਹੀ ਸੀ ਵਰਤਦੀ। ਥਾਂ ਥਾਂ ਨਲਕੇ ਲੱਗ ਚੁੱਕੇ ਸਨ।

ਇਸ ਖੂਬਸੂਰਤ ਇਮਾਰਤ ਦੀ ਤਸਵੀਰ ਪਿਛਲੇ ਸਫੇ ਤੇ ਹੈ। ਇਹ ਇਮਾਰਤ ਡੇਰਾ ਬਾਬਾ ਨਾਨਕ ਦੀ ਪਛਾਣ ਬਣ ਚੁੱਕੀ ਸੀ।

ਸੰਨ 1971 ਦੀ ਭਾਰਤ ਪਾਕ ਜੰਗ ਤੋਂ ਬਾਦ ਸਰਕਾਰ ਦੀ ਨਜਰ ਵਿੱਚ ਡੇਰਾ ਬਾਬਾ ਨਾਨਕ ਦੇ ਮੇਲੇ ਚੁੱਭਣ ਲੱਗ ਗਏ। ਉਹ ਨਹੀ ਸੀ ਚਾਹੁੰਦੀ ਕਿ ਇਸ ਸਰਹੱਦੀ ਕਸਬੇ ਵਿੱਚ ਏਡੇ ਵੱਡੇ ਇਕੱਠ ਹੋਣ। ਲਗਦਾ ਹੈ ਇਥੋਂ ਦੇ ਸਥਾਨਕ ਲੀਡਰ ਸੰਤੋਖ ਸਿੰਘ ਰੰਧਾਵਾ ਅਤੇ ਨਿਰਮਲ ਸਿੰਘ ਕਾਹਲੋਂ, ਸਵੱਰਨ ਸਿੰਘ ਆਦਿ ਨੂੰ ਭਰੋਸਾ ਵਿੱਚ ਲੈ ਲਿਆ ਹੋਵੇਗਾ। ਸਰਕਾਰ ਨੇ ਛਿੰਜ ਕਰਾਉਣ ਦੀ ਇਜਾਜਤ ਦੇਣੀ ਬੰਦ ਕਰ ਦਿੱਤੀ। ਵਿਸਾਖੀ ਦਾ ਮੇਲਾ ਖਤਮ ਕਰ ਦਿੱਤਾ ਗਿਆ।

ਚੋਲਾ ਸਾਹਿਬ ਦੇ ਮੇਲੇ ਦੀ ਸ਼ਾਨ ਵੀ ਘੱਟ ਗਈ। ਉਹ ਮੇਲਾ ਜਿਹੜਾ ਕਈ ਦਿਨ ਚਲਦਾ ਸੀ ਸਿਰਫ ਦੋ ਤਿੰਨ ਵਿੱਚ ਹੀ ਸਿਮਟ ਜਾਣ ਲੱਗਾ। ਕੁਲ ਮਿਲਾ ਕੇ ਹਾਜਰੀ ਲੱਖ ਡੇਢ ਰਹਿ ਗਈ।

ਵੈਸਾਖੀ ਸੰਨ 2001 ਤੋਂ ਫਿਰ ਕਰਤਾਰਪੁਰ ਲਾਂਘੇ ਦਾ ਅੰਦੋਲਨ ਸ਼ੁਰੂ ਹੋਇਆ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਡੇਰਾ ਬਾਬਾ ਨਾਨਕ ਫਿਰ ਸੁਰਖੀਆਂ ਵਿੱਚ ਆ ਗਿਆ। ਲਾਂਘਾ ਅੰਦੋਲਨ ਕਰਕੇ ਚੋਲੇ ਸਾਹਿਬ ਦੇ ਲੱਗਦਾ ਮੇਲਾ ਅੱਜ ਜੋਬਨ ਤੇ ਪਹੁੰਚ ਚੁੱਕਾ ਸੀ। ਸੰਨ 2014 ਵਿੱਚ ਇਥੇ 15 ਦਿਨਾਂ ਵਿੱਚ ਕੋਈ 21 ਲੱਖ ਲੋਕਾਂ ਦੀ ਆਮਦ ਨੋਟ ਕੀਤੀ ਗਈ। ਉਹ ਇਮਾਰਤ

ਜਿਸ ਦਾ ਨਾ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਜੁੜਦਾ ਸੀ ਸਰਕਾਰ ਨੂੰ ਖੱਟਕਣ ਲੱਗ ਪਈ।

ਇਨਾਂ ਹੀ ਦਿਨਾਂ ਵਿੱਚ ਫਿਰ ਸ਼ਰੋਮਣੀ ਕਮੇਟੀ ਨੇ ਇੱਕ ਕਾਰ ਸੇਵਾ ਬਾਬੇ ਰਾਂਹੀ ਦਰਬਾਰ ਸਾਹਿਬ ਲਾਗੇ ਸਰਾਵਾਂ ਦਾ ਨਿਰਮਾਣ ਕਰਵਾਇਆ। ਕਿਹਾ ਜਾਂਦਾ ਹੈ ਕਿ ਕੰਮ ਸੰਪੂਰਨ ਹੋਣ ਤੇ ਕਾਰ ਸੇਵਾ ਬਾਬੇ ਨੇ ਗੁਪਤ ਤੌਰ ਤੇ ਸ਼ਕਾਇਤ ਕਰ ਦਿੱਤੀ ਕਿ ਜਿੰਨਾਂ ਉਸ ਨੇ ਸਰਾਵਾਂ ਤੇ ਖਰਚਾ ਕੀਤਾ ਹੈ ਉਗਰਾਹੀ ਉਸ ਤੋਂ ਅੱਧੀ ਵੀ ਨਹੀ ਹੋ ਪਾਈ। ਬਾਬਾ ਉਂਜ ਵੀ ਅਕਾਲੀ ਲੀਡਰਾਂ ਦਾ ਤਾਬਿਆਦਾਰ ਬੰਦਾ ਸੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਚੋਣਾਂ ਮੌਕੇ ਥੈਲੀ ਆਦਿ ਵੀ ਭੇਟ ਕਰਦਾ ਹੈ।

ਤੇ ਲਓ1973 'ਚ ਬਣੇ ਮਜਬੂਤ ਦਰਬਾਰ ਸਾਹਿਬ ਦੀ ਲੈਂਟਰ ਵਾਲੀ ਛੱਤ ਨੇ ਹੁਣ ਚੋਣਾਂ ਸ਼ੁਰੂ ਕਰ ਦਿੱਤਾ।

ਸ਼ਰੋਮਣੀ ਕਮੇਟੀ ਅੰਮ੍ਰਿਤਸਰ ਤੱਕ ਸ਼ਕਾਇਤ ਕੀਤੀ ਗਈ ਕਿ ਇਮਾਰਤ ਚੋਣੀ ਸ਼ੁਰੂ ਹੋ ਗਈ ਹੈ। ਇੰਜਿਨੀਅਰਾਂ ਨੇ ਇਸ ਸ਼ਕਾਇਤ ਤੇ ਭਰੋਸਾ ਨਾਂ ਕੀਤਾ ਕਿਉਕਿ ਉਹ ਲੈਂਟਰ ਜਿਹੜਾ ਪਿੱਛਲੇ 45 ਸਾਲ ਨਹੀ ਸੀ ਚੋਇਆ ਹੁਣ ਕਿਵੇ ਲੀਕ ਹੋ ਸਕਦਾ ਹੈ? ਇੰਜੀਨੀਅਰਾਂ ਦੇ ਸੁਝਾਅ ਦੇ ਮੁਤਾਬਿਕ ਲੈਂਟਰ ਦੀ ਇੱਕ ਪਤਲੀ ਤਹਿ ਹੋਰ ਪਾ ਦਿੱਤੀ ਗਈ। ਚੋਣਾਂ ਬੰਦ ਹੋ ਗਿਆ।

ਬਾਬਾ ਫਿਰ ਲੀਡਰਾਂ ਨੂੰ ਮਿਲਿਆ। ਮਈ 2018 ਵਿੱਚ ਲੀਡਰਾਂ ਨੇ ਹੁਕਮ ਕਰ ਦਿੱਤਾ ਕਿ ਇਮਾਰਤ ਚੋਂਦੀ ਹੈ ਜਾਂ ਨਹੀ ਕਾਰਸੇਵਾ ਹਰ ਹਾਲਤ ਵਿੱਚ ਹੋਵੇਗੀ।

ਸੰਗਤਾਂ ਨੇ ਦੁਹਾਈ ਦਿੱਤੀ ਕਿ ਗੁਰੂ ਸਾਹਿਬ ਦੀ 550 ਸ਼ਤਾਬਦੀ 2019 ਵਿੱਚ ਆਉਣ ਵਾਲੀ ਇਸ ਕਰਕੇ ਕਾਰਸੇਵਾ ਸ਼ੁਰੂ ਨਾਂ ਕੀਤੀ ਜਾਵੇ। ਪਰ ਬਾਬਾ ਇਹ ਨਹੀ ਸੀ ਚਾਹੁੰਦਾ ਕਿਉਕਿ ਮੇਲਿਆਂ ਮੌਕੇ ਤਾਂ ਚਲਦੀ ਕਾਰਸੇਵਾ ਲਈ ਉਗਰਾਹੀ ਹੁੰਦੀ ਹੈ।

ਖੈਰ ਉਸ ਖੂਬਸੂਰਤ ਇਮਾਰਤ ਨੂੰ ਜਿਹੜੀ ਡੇਰਾ ਬਾਬਾ ਨਾਨਕ ਦੀ ਪਛਾਣ ਬਣ ਚੁੱਕੀ ਸੀ ਤਹਿਸ ਨਹਿਸ ਕਰ ਦਿੱਤਾ ਗਇਆ ਹੈ ਤੇ ਹੁਣ ਦਰਬਾਰ ਸਾਹਿਬ ਦੀ ਇਮਾਰਤ ਬਹੁਮੰਜਲੀ ਬਣਾਈ ਜਾ ਰਹੀ ਹੈ। ਅਗਲਿਆਂ ਨੂੰ ਇਸ ਗਲ ਦੀ ਵੀ ਪ੍ਰਵਾਹ ਨਹੀ ਕਿ ਗੁਰੂ ਸਾਹਿਬ ਦੀ ਪਵਿਤ੍ਰ ਸਮਾਧ ਹੇਠਾਂ ਹੈ।

-----◈-----

## ਅਸਥਾਨ ਮੁੱਢ ਗੁਰੂ ਗ੍ਰੰਥ ਸਾਹਿਬ

ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੀ ਪੂਰਬ -ਉੱਤਰ ਦੀ ਗੁੱਠ ਵਿਚ ਇਕ ਹੋਰ ਪਵਿਤ੍ਰ ਸਥਾਨ ਹੈ ਜਿਥੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਬਹਿ ਕੇ ਕੀਰਤਨ ਕੀਤਾ ਸੀ। ਇਥੇ ਗੁਰੂ ਸਾਹਿਬ 1646 ਬਿ. ਨੂੰ ਬਾਬਾ ਧਰਮ ਚੰਦ ਬੇਦੀ ਦੇ ਦਿਹਾਂਤ ਪਿੱਛੋਂ ਮਕਾਣ ਲਾਹੁਣ ਆਏ ਸਨ। ਕੀਰਤਨ ਉਪਰੰਤ ਇਥੇ ਹੀ ਗੁਰਸਿੱਖ ਪਿਆਰਿਆਂ ਨੇ ਗੁਰੂ ਜੀ ਨੂੰ ਨਕਲੀ ਬਾਣੀ ਦੀਆਂ ਕੁਝ ਲਿਖਤਾਂ ਵਿਖਾਈਆਂ ਕਿ ਕਿਵੇ ਪਹਿਲੇ ਗੁਰੂ ਸਾਹਿਬਾਨ ਦੇ ਨਾਂ ਤੇ ਨਕਲੀ ਬਾਣੀ ਲਿਖੀ ਜਾ ਰਹੀ ਹੈ। ਇਥੇ ਹੀ ਸੰਗਤ ਵਿਚ ਫਿਰ ਤਹਿ ਹੋਇਆ ਕਿ ਪਹਿਲੇ ਗੁਰੂ ਸਾਹਿਬਾਨ ਦੀ ਸਾਰੀ ਬਾਣੀ



ਮੁੱਢ ਸਗਗਸ -ਕੀਰਤਨ ਅਸਥਾਨ ਗੁਰੂ ਅਰਜਨ ਦੇਵ ਜੀ।

ਇਕੱਤਰ ਕਰਕੇ ਇਕ ਜਿੱਲਦ ਵਿਚ ਪਰੋ ਦਿੱਤੀ ਜਾਵੇ। ਸੋ ਇਸ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਦਾ ਮੁੱਢ ਇਥੋਂ ਹੀ ਬੱਝਾ ਸੀ।

-----◈-----

## ਚੋਲਾ ਸਾਹਿਬ

ਡੇਰਾ ਬਾਬਾ ਨਾਨਕ ਵਿਖੇ ਹੀ ਗੁਰੂ ਨਾਨਕ ਪਾਤਸ਼ਾਹ ਦਾ ਪਹਿਨਿਆ ਹੋਇਆ ਚੋਲਾ ਸਾਹਿਬ ਮੌਜੂਦ ਹੈ ਜਿਹੜਾ ਗੁਰੂ ਸਾਹਿਬ ਨੂੰ ਬਗਦਾਦ ਵਿਚ ਈਰਾਨ ਦੇ ਬਾਦਸ਼ਾਹ ਨੇ ਭੇਟ ਕੀਤਾ ਸੀ। (ਵੇਖੋ ਸਫਾ 442) ਉਹਨਾਂ ਦਿਨਾਂ ਵਿਚ ਇਹ ਰਸਮ ਹੁੰਦੀ ਸੀ ਜਦੋਂ ਬਾਦਸ਼ਾਹ ਕਿਸੇ ਦਾ ਸਨਮਾਨ ਕਰਦਾ ਸੀ ਤਾਂ ਉਹਨੂੰ ਦਰਬਾਰ ਵਲੋਂ ਬਸਤਰ ਪਹਿਨਾਏ ਜਾਂਦੇ ਸਨ।

ਚੋਲਾ ਸਾਹਿਬ ਦੀ ਖਾਸੀਅਤ ਇਹ ਹੈ ਕਿ ਇਸ ਤੇ ਕੁਰਾਨ ਦੀਆਂ

ਪਿੜ ਸਫਾ



**ਰੱਬ ਖੈਰ ਕਰੇ।** ਇਸ ਫੋਟੋ ਵਿਚ ਕਾਰਸੇਵਕ ਇਤਹਾਸਿਕ ਥੜੇ ਦੇ ਬਿਲਕੁਲ ਨਾਲ ਹੀ ਖੁਦਾਈ ਕਰ ਰਹੇ ਹਨ।

ਕਿਉਕਿ ਗੁਰੂ ਸਾਹਿਬ ਦੇ ਅੰਤਮ ਸਸਕਾਰ ਬਾਰੇ ਨਾਸਤਕ ਲੋਕ ਸ਼ੱਕ ਕਰਦੇ ਹਨ ਕਿ ਉਹਨਾਂ ਦਾ ਪਵਿਤ੍ਰ ਸਰੀਰ ਅਲੋਪ ਹੋ ਗਿਆ ਸੀ। ਸ਼ੰਕਾਵਾਦੀ ਕਹਿੰਦੇ ਹਨ ਕਿ ਪਵਿਤ੍ਰ ਸਰੀਰ ਨੂੰ ਜਾਂ ਤਾਂ ਸਾੜਿਆ ਗਿਆ ਸੀ ਜਾਂ ਦੱਬਿਆ ਗਿਆ ਸੀ। ਉਹ ਲੋਕ ਜਿਹੜੇ ਮੰਨਦੇ ਹਨ ਕਿ ਸਿੱਖ ਧਰਮ ਹਿੰਦੂਮਤ ਦੀ ਹੀ ਸ਼ਾਖ ਹੈ ਉਹ ਤੁਲੇ ਹੋਏ ਹਨ, ਇਹ ਗਲ ਸਾਬਤ ਕਰਨ ਵਿਚ ਕਿ ਸਾਹਿਬ ਦਾ ਸਸਕਾਰ ਹੋਇਆ ਸੀ। ਉਹਨਾਂ ਨੂੰ ਕਰਤਾਰਪੁਰ ਵਿਖੇ ਬਣੀ ਕਬਰ ਬਹੁਤ ਚੁੱਭਦੀ ਹੈ। 1970 ਨੇੜੇ ਵੀ ਜਦੋਂ ਕਾਰਸੇਵਾ ਹੋਈ ਤਾਂ ਕਿਹਾ ਜਾਂਦਾ ਹੈ ਕਿ ਬਾਬੇ ਨੇ ਉਹ ਗਾਗਰ ਜਾਂ ਗੜਵੀ ਪੁੱਟ ਕੇ ਵੇਖਣੀ ਚਾਹੀ ਸੀ। ਪਰ ਕੁਝ ਕਾਰਨ ਬਣਿਆ ਕਿ ਉਨੂੰ ਇਹ ਗੁਪਤ ਕੰਮ ਬੰਦ ਕਰਨਾਂ ਪਿਆ ਸੀ।

ਹੁਣ ਵੀ ਜਦੋਂ ਕਾਰਸੇਵਾ ਚਲ ਰਹੀ ਸੀ ਤਾਂ ਅਸੀ ਵੇਖਿਆ ਕਿ ਬਾਬੇ ਦੇ ਮਿਸਤਰੀ ਥੜਾ ਸਾਹਿਬ ਦੇ ਲਾਗਲੀ ਕੰਧ ਧੁਰ ਤੱਕ ਨੰਗੀ ਕਰਨ ਦੀ ਕੋਸ਼ਿਸ਼ ਵਿਚ ਸਨ। ਫਿਰ ਕਾਰਸੇਵਾ ਬਾਬੇ ਨੇ ਥੜਾ ਸਾਹਿਬ ਦੇ ਉੱਤੇ ਕੰਧ ਬਣਾ ਕੇ ਸੁਨਿਹਰੀ ਪਾਲਕੀ ਨੂੰ ਓਦੋਂ ਤੋਂ ਲੈ ਕੇ ਛੁੱਪਾ ਰੱਖਿਆ ਹੈ। ਕੁਝ ਹੱਦ ਤਕ ਰਾਖੀ ਦੇ ਪੱਖੋ ਤਾਂ ਇਹ ਗਲ ਜਾਇਜ ਵੀ ਹੈ। ਪਰ ਅਸੀ ਪਤ੍ਰਕਾਰਤਾ ਵਿਚ ਅਸੂਲ ਪੜਿਆ ਹੈ ਕਿ ਜਿੱਥੇ ਕੋਈ ਕੰਮ ਛੁਪਾ ਕੇ ਕੀਤਾ ਜਾਂਦਾ ਹੈ ਉਸ ਵਿਚ ਪਾਪ ਹੋਣ ਦਾ ਸ਼ੱਕ ਜਰੂਰ ਕਰਨਾਂ ਬਣਦਾ ਹੈ। ਸੋ ਸਾਨੂੰ ਸ਼ੱਕ ਹੈ ਕਾਰਸੇਵਾ ਬਾਬੇ ਦੇ ਬੰਦਿਆਂ ਥੜਾ ਸਾਹਿਬ ਦੀ ਹੇਠੋਂ ਫੋਲਾ ਫੁਲਾਈ ਵੀ ਕੀਤੀ ਹੋਵੇ। ਕਾਰ ਸੇਵਾ ਬਾਬੇ ਦੇ ਸਰਕਾਰੀ ਅਜੈਂਸੀਆਂ ਨਾਲ ਗੂੜੇ ਸਬੰਧਾਂ ਦੀ ਵੀ ਲੋਕ ਗਲ ਕਰਦੇ ਹਨ। ਨਾਲੇ ਜਿਵੇ ਸਿੱਖੀ ਦਾ ਪਹਿਲਾ ਕਿਲਾ ਭਾਵ ਲੋਹਗੜ੍ਹ ਸ਼੍ਰੋਮਣੀ ਕਮੇਟੀ ਨੇ ਕਾਰਸੇਵਾ ਬਾਬੇ ਰਾਂਹੀ ਢਹਾ ਦਿਤਾ ਹੈ ਸਾਡਾ ਸ਼ੱਕ ਕਰਨਾਂ ਬਣਦਾ ਵੀ ਹੈ। ਕਾਰ ਸੇਵਾ ਸ਼ੁਰੂ ਕਰਨ ਤੋਂ ਪਹਿਲਾਂ ਕਮੇਟੀ ਨੂੰ ਅਪੀਲਾਂ ਵੀ ਕੀਤੀਆਂ ਗਈਆਂ ਸਨ ਕਿ ਆ ਰਹੇ 550 ਸਾਲ ਦੇ ਜਸ਼ਨਾ ਦੇ ਮੱਦੇ ਨਜਰ ਕਾਰਸੇਵਾ ਸ਼ੁਰੂ ਨਾ ਕੀਤੀ ਜਾਵੇ। ਪਰ ਕਮੇਟੀ ਨੇ ਇਸ ਮਸਲੇ ਤੇ ਸਭ ਦਲੀਲਾਂ ਖਾਰਜ ਕਰ ਦਿੱਤੀਆਂ ਸਨ। ਵਾਹਿਗੁਰੂ ਕਰੇ ਸਾਡੇ ਇਹ ਸ਼ੰਕੇ ਨਿਰਮੂਲ ਹੋਣ। ਪਰ ਅਸੀ ਭਵਿਖ ਵਾਸਤੇ ਇਹ ਗਲ ਰਿਕਾਰਡ ਤੇ ਰਖਣਾ ਚਾਹੁੰਦੇ ਹਾਂ ਕਿ 2018/19 ਵਿਚ ਅਜਿਹੀ ਹਰਕਤ ਹੋਈ ਸੀ। ਲੋਹਗੜ੍ਹ ਅੰਮ੍ਰਿਤਸਰ ਦੀ ਕਾਰਸੇਵਾ ਦੇ ਮੱਦੇ ਨਜਰ ਅਸੀ ਸ਼੍ਰੋਮਣੀ ਕਮੇਟੀ ਤੇ ਪੂਰਾ ਭਰੋਸਾ ਨਹੀ ਕਰ ਸਕਦੇ। ਅਸੀ ਇਹ ਗੱਲਾਂ ਲਿਖਦੇ ਹੋਏ ਨਾਲ ਹੀ ਸ਼ਰਧਾਵਾਨ ਕਾਰਸੇਵਕਾਂ ਤੋਂ ਮਾਫੀ ਮੰਗਦੇ ਹਾਂ।

ਖ਼ੂਬ ਆਇਤਾਂ ਲਿਖੀਆਂ ਮਿਲਦੀਆਂ ਹਨ। ਕਿਹਾ ਜਾਂਦਾ ਹੈ ਕਿ ਕੁਰਾਨ ਦੇ ਤਾਂ ਇਸ ਤੇ ਕੋਈ 13 ਸਫੇ ਹੀ ਆ ਗਏ ਨੇ। ਇਸ ਤੋਂ ਇਲਾਵਾ ਮੁਸਲਿਮ ਦੁਨੀਆਂ ਦੇ ਜੋਤਸ਼ੀਆਂ ਜਿੰਨਾਂ ਨੂੰ ਨਜੂਮੀ ਕਿਹਾ ਜਾਂਦਾ ਹੈ ਉਹਨਾਂ ਦੀ ਵਿਦਿਆ ਹਰੂਫੇ ਆਬਜਾਦ (Numerology ) ਦੇ ਵੀ ਨੁਖਸੇ ਦਿੱਤੇ ਹੋਏ ਹਨ।



ਚੋਲਾ ਸਾਹਿਬ। ਅੱਜ ਰੰਗ ਉਹ ਹੈ ਜੋ ਖੱਬੇ ਪਾਸੇ ਵਾਲੀ ਤਸਵੀਰ ਵਿਚ ਦਿਸਦਾ ਹੈ।

ਚੋਲਾ ਸਾਹਿਬ ਦੀ ਲੰਬਾਈ 38 ਇੰਚ, ਘੇਰਾ 34 ਇੰਚ, ਬਾਹਾਂ 8 ਇੰਚ ਹੈ ਅਤੇ ਕਪੜਾ ਵਧੀਆ ਲੱਠਾ ਹੈ।

ਇਹ ਗਲ ਤਾਂ ਬਹੁਤ ਸਾਫ ਹੈ ਕਿ ਰਾਜਾ ਮਹਾਰਾਜਾ ਇਹੋ ਜਿਹੀ ਮਜ਼ਬੀ ਪੁਸ਼ਾਕ ਨਹੀ ਪਹਿਨੇਗਾ।

ਜਦੋਂ ਬਾਨੀ ਗੁਰੂ ਨੇ ਭਾਈ ਲਹਿਣੇ ਨੂੰ ਗੁਰਿਆਈ ਬਖਸ਼ ਗੁਰੂ ਅੰਗਦ ਬਣਾਇਆ ਤਾਂ ਗੁਰਬਾਣੀ ਪੋਥੀ ਅਤੇ ਹੋਰ ਵਸਤਾਂ ਦੇ ਨਾਲ ਨਾਲ ਇਹ ਚੋਲਾ ਸਾਹਿਬ ਵੀ ਬਖਸ਼ ਦਿੱਤਾ ਸੀ। ਗੁਰੂ ਅੰਗਦ ਸਾਹਿਬ ਨੇ ਫਿਰ ਇਹੋ ਪਵਿਤ੍ਰ ਵਸਤਾਂ ਅੱਗੇ ਗੁਰੂ ਅਮਰ ਦਾਸ ਨੂੰ ਬਖਸ਼ੀਆਂ। ਜਿੰਨਾਂ ਗੁਰਿਆਈ ਦੀ ਇਹ ਨਿਸ਼ਾਨੀ ਫਿਰ ਗੁਰੂ ਰਾਮਦਾਸ ਨੂੰ ਬਖਸ਼ ਦਿੱਤੀ।

ਫਿਰ ਜਦੋਂ ਹਰਮੰਦਰ ਸਾਹਿਬ ਦੇ ਸਰੋਵਰ ਜਿਸਦਾ ਅਸਲ ਨਾਂ 'ਅੰਮ੍ਰਿਤਸਰ' ਹੈ ਚਲ ਰਹੀ ਸੀ ਤਾਂ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਨੇ ਬੁਖਾਰਾ - ਉਜਬੇਕਿਸਤਾਨ ਦੇ ਗੁਰਸਿੱਖ ਭਾਈ ਤੋਤਾ ਰਾਮ ਨੂੰ ਇਹ ਚੋਲਾ ਸਾਹਿਬ ਬਖਸ਼ ਦਿੱਤਾ। ਅੱਜ ਚੋਲਾ ਸਾਹਿਬ ਦੇ ਨਾਲ ਜੋ ਛੋਟੀ ਜਿਹੀ ਚੌਰ ਸਾਹਿਬ ਮੌਜੂਦ ਹੈ ਇਹ ਭਾਈ ਤੋਤਾ ਰਾਮ ਇਸ ਚੋਲਾ ਸਾਹਿਬ ਤੇ ਕਰਿਆ ਕਰਦਾ ਸੀ।

ਯਾਦ ਰਹੇ ਬੁਖਾਰਾ ਸ਼ਹਿਰ ਪ੍ਰਸਿੱਧ ਰੇਸ਼ਮ ਮਾਰਗ ਤੇ ਮੌਜੂਦ ਹੈ ਜਿੱਥੇ ਅਨੇਕਾਂ ਪੰਜਾਬੀ ਵਪਾਰੀ (ਖੱਤਰੀ, ਅਰੋੜੇ ਅਤੇ ਮਹਾਜਨ) 16,17 ਅਤੇ 18 ਸਦੀ ਵਿਚ ਜਾ ਵੱਸੇ ਸਨ। ਰੇਸ਼ਮ ਮਾਰਗ ਦੇ ਪ੍ਰਸਿੱਧ ਸ਼ਹਿਰਾਂ ਵਿਚ ਅੱਜ ਵੀ ਅਨੇਕਾਂ ਪੁਰਾਣੇ ਪੰਜਾਬੀ ਗ੍ਰੰਥ ਓਥੇ ਦੇ ਅਜਾਇਬ ਘਰਾਂ ਦੀ ਸੋਭਾ ਵਧਾ ਰਹੇ ਹਨ।




ਕਾਰਸੇਵਾ ਦੌਰਾਨ ਦੋ ਪੁਰਾਣੀਆਂ ਖੂਹੀਆਂ ਨਿਕਲੀਆਂ ਸਨ। ਅੰਦਾਜ਼ਾ ਇਹੋ ਹੈ ਕਿ ਇਹ ਗੁਰੂ ਸਾਹਿਬ ਦੇ ਵੇਲੇ ਦੀਆਂ ਹਨ, ਕਿਉਕਿ ਵੱਡੇ ਖੂਹ ਬਾਰੇ ਤਾਂ ਇਤਹਾਸਿਕ ਜਿਕਰ ਮਿਲਦੇ ਹਨ ਕਿ ਬਾਬਾ ਸ੍ਰੀ ਚੰਦ ਨੇ ਲਵਾਇਆ ਸੀ। ਅਸਾਂ ਇਹ ਗਲ ਜਦੋਂ ਅਖਬਾਰਾਂ ਵਿਚ ਦੇ ਕੇ ਕਾਰ ਸੇਵਾ ਬਾਬੇ ਨੂੰ ਅਪੀਲ ਕੀਤੀ ਕਿ ਖੂਹੀਆਂ ਬਚਾ ਲਈਆਂ ਜਾਣ। ਉਸ ਵੇਲੇ ਸ਼੍ਰੋਮਣੀ ਕਮੇਟੀ ਹਰਕਤ ਵਿਚ ਆ ਗਈ ਤੇ ਅਖਬਾਰਾਂ ਵਿਚ ਝੂਠਾ ਬਿਆਨ ਦੇ ਦਿਤਾ ਕਿ ਇਹ ਖੂਹੀਆਂ ਪੁਰਾਤਨ ਨਹੀ ਹਨ। ਅਖੇ ਇਹ ਲੰਗਰ ਵਿਚ ਪਾਣੀ ਵਰਤਣ ਵਾਸਤੇ ਲਵਾਈਆਂ ਸਨ ਕਿਉਕਿ ਬਾਉਲੀ ਸਾਹਿਬ (ਖੂਹ ਸਰਜੀ) ਦੇ ਪਾਣੀ ਨੂੰ ਲੰਗਰ ਵਿਚ ਵਰਤਣਾ ਬੇਅਦਬੀ ਸਮਝੀ ਜਾਂਦੀ ਸੀ।(ਵੇਖੋ 22-7-18 ਅਜੀਤ ਗੁਰਦਾਸਪੁਰ ਐਡੀਸ਼ਨ)। ਜਦੋਂ ਕਿ ਸੱਚ ਇਹ ਹੈ ਨਲਕੇ ਪ੍ਰਚਲਤ ਹੋਣ ਤੋਂ ਪਹਿਲਾਂ, ਸਰਜੀ ਖੂਹ ਦਾ ਜਲ ਸਾਰਾ ਡੇਰਾ ਬਾਬਾ ਨਾਨਕ ਵਰਤਦਾ ਰਿਹਾ ਹੈ। 1973 ਤਕ ਇਥੇ ਹਲਟੀ ਲੱਗੀ ਹੁੰਦੀ ਸੀ।

ਫਿਰ 1570 ਈ ਵਿਚ ਓਸਮਾਨੀਆਂ ਹਕੂਮਤ ਦੇ ਹੱਥੋਂ ਵੋਲਗਾ ਦਰਿਆ ਦੇ ਸਿਰੇ ਤੇ ਸਥਿਤ ਸ਼ਹਿਰ ਅਸਤਰਾਖਾਨ (ਅਸ+ਤਰਖਾਣ) ਜਾਂਦਾ ਰਿਹਾ ਜਿਸ ਕਰਕੇ ਪੂਰਬੀ ਵਪਾਰੀਆਂ ਲਈ ਯੂਰਪ ਦਾ ਸਿੱਧਾ ਹੀ ਰਾਹ ਖੁੱਲ ਗਇਆ। ਹੌਲੀ ਹੌਲੀ ਫਿਰ ਅਨੇਕਾਂ ਪੰਜਾਬੀ ਵਪਾਰੀਆਂ ਨੇ ਬੁਖਾਰਾ ਤੋਂ ਅਸਤਰਾਖਾਨ ਵਲ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ। ਬੁਖਾਰਾ ਸ਼ਹਿਰ ਵਿਚ ਬਹੁਤ ਘੱਟ ਪੰਜਾਬੀ ਰਹਿ ਗਏ।

ਫਿਰ ਕਿਸੇ ਗੁਰਸਿੱਖ ਨੇ 1675- 1700 ਈ ਦੇ ਅਰਸੇ ਦੌਰਾਨ, ਪੰਜਾਬ ਆ ਕੇ ਖਬਰ ਦਿੱਤੀ ਕਿ ਹੁਣ ਚੋਲਾ ਸਾਹਿਬ ਦੀ ਬੁਖਾਰੇ ਵਿਖੇ ਕਦਰ ਰਹਿ ਨਹੀ ਗਈ। ਇਹ ਵੀ ਪਤਾ ਲੱਗਾ ਕਿ ਭਾਈ ਤੋਤਾ ਰਾਮ ਦੀ ਅੱਗੋ ਉਲਾਦ ਵੀ ਚੋਲਾ ਸਾਹਿਬ ਦੀ ਅਹਿਮੀਅਤ ਵਿਸਾਰੀ ਬੈਠੀ ਹੈ। ਓਦੋਂ (ਅੰਦਾਜਨ 1690 ਈ.) ਵਿਚ ਬਾਬਾ ਕਾਬਲੀ ਮਲ ਬੇਦੀ (ਗੁਰੂ ਸਾਹਿਬ ਦੀ ਅਠਵੀ ਪੀੜ੍ਹੀ) ਨੂੰ ਜਦੋਂ ਇਸ ਗਲ ਦਾ ਪਤਾ ਲੱਗਾ ਤਾਂ ਉਹ ਬੁਖਾਰਾ ਦੇ ਵਪਾਰੀਆਂ ਦੇ ਟੋਲੇ ਨਾਲ ਬੁਖਾਰਾ ਜਾ ਪਹੁੰਚੇ ਅਤੇ ਭਾਈ ਤੋਤਾ ਰਾਮ ਦੀ ਉਲਾਦ ਪਾਸੋਂ ਚੋਲਾ ਸਾਹਿਬ ਵਾਪਸ ਲੈ ਲਿਆ। 1400 ਕਿ. ਮੀ. ਦਾ ਲੰਮਾ ਮੁਸ਼ਕਲਾਂ ਭਰਿਆ ਪੈਂਡਾ ਤਹਿ ਕਰਕੇ 21 ਫੱਗਣ ਨੂੰ ਕਾਬੁਲੀ ਮਲ ਡੇਰਾ ਬਾਬਾ ਨਾਨਕ ਪਹੁੰਚੇ ਸਨ।

ਜਿਵੇ ਗੁਰਸਿੱਖਾਂ ਨੂੰ ਖਬਰ ਮਿਲੀ ਕਿ ਚੋਲਾ ਸਾਹਿਬ ਵਾਪਸ ਆ ਗਏ ਹਨ ਤਾਂ ਹੁੰਮ ਹੁੰਮਾ ਕੇ ਸੰਗਤਾਂ ਡੇਰਾ ਬਾਬਾ ਨਾਨਕ ਪਹੁੰਚੀਆਂ। ਉਦੋਂ ਤੋਂ ਲੈ ਕੇ ਅੱਜ ਤਕ ਹਰ ਸਾਲ ਡੇਰਾ ਬਾਬਾ ਨਾਨਕ ਵਿਖੇ ਵੱਡਾ ਮੇਲਾ ਲੱਗਦਾ ਹੈ। 2014 ਈ ਵਿਚ ਤਾਂ 15 ਦਿਨਾਂ ਦੌਰਾਨ ਇਥੇ ਕੋਈ 20 ਲੱਖ ਸ਼ਰਧਾਲੂ ਦਰਸ਼ਨਾਂ ਲਈ ਹਾਜਰ ਹੋਏ ਸਨ।


ਫਿਰ ਚੋਲਾ ਸਾਹਿਬ ਦੇ ਨਾਲ ਹੀ ਅੱਜ ਪ੍ਰਕਾਸ਼ ਕੀਤਾ ਹੋਇਆ ਹੈ, ਬੇਬੇ ਨਾਨਕੀ ਦਾ ਕੱਢਿਆ ਹੋਇਆ ਰੁਮਾਲ ਜੋ ਭੈਣ ਜੀ ਨੇ ਗੁਰੂ ਸਾਹਿਬ ਨੂੰ ਜੰਞ ਚੜ੍ਹਨ ਵੇਲੇ ਦਿੱਤਾ ਸੀ। ਇਸ ਤੇ ਖੂਬ ਕਸੀਦਾਕਾਰੀ ਕੀਤੀ ਹੋਈ ਹੈ ਅਤੇ ਕਬੀਰ, ਫਰੀਦ ਅਤੇ ਹੋਰ ਭਗਤਾਂ ਦੀਆਂ ਤਸਵੀਰਾਂ ਵੀ ਕੱਢਾਈ ਰਾਂਹੀ ਦਰਸਾਈ ਹੋਈਆਂ ਹਨ।

ਗੁਰਦੁਆਰਾ ਸੁਧਾਰ ਲਹਿਰ ਦੌਰਾਨ ਚੋਲਾ ਸਾਹਿਬ ਵੀ ਸ਼੍ਰੋਮਣੀ ਕਮੇਟੀ ਦੇ ਕਬਜੇ ਤਹਿਤ ਚਲਾ ਗਇਆ ਸੀ। ਉਦੋਂ ਚੋਲਾ ਸਾਹਿਬ ਦਾ ਪ੍ਰਕਾਸ਼ ਉਸ ਗੁਰਦੁਆਰੇ ਵਿਚ ਹੁੰਦਾ ਸੀ ਜਿੱਥੇ ਅੱਜ ਬਾਬਾ ਕਾਬੁਲੀ ਮਲ ਦੀ ਸਮਾਧ ਅਤੇ ਪੁਰਾਣਾ ਖੂਹ ਹੈ। ਇਹ ਅਸਥਾਨ ਡੇਰਾ ਬਾਬਾ ਨਾਨਕ ਦੀ ਫਿਰਨੀ ਤੇ ਹੀ ਮੌਜੂਦ ਹੈ ਜਿਥੋਂ ਫਿਰ ਚੋਲਾ ਸਾਹਿਬ ਵਲ ਮੁੜੀਦਾ ਹੈ। ਬਾਬਾ ਅਜਬ ਸਿੰਘ ਬੇਦੀ ਨੇ ਸੰਮਤ 1841 ਵਿੱਚ ਇਥੇ ਦਰਬਾਰ ਸਾਹਿਬ ਡੇਰਾ ਬਾਬਾ

ਨਾਨਕ ਦੀ ਸ਼ਕਲ ਵਾਲਾ ਦੇਹੁਰਾ, ਬਾਬਾ ਕਾਬੁਲੀ ਮਲ ਦੀ ਸਮਾਧ ਤੇ ਬਣਵਾ ਦਿਤਾ ਸੀ।

ਬੇਦੀ ਸਹਿਬਜਾਦਿਆਂ ਫਿਰ ਕੇਸ ਲੜ੍ਹ ਕੇ ਚੋਲਾ ਸਾਹਿਬ ਸ਼੍ਰੋਮਣੀ ਕਮੇਟੀ ਤੋਂ ਵਾਪਸ ਹਾਸਲ ਕਰ ਲਿਆ। ਅੱਜ ਵੀ ਗੁਰਦੁਆਰਾ ਚੋਲਾ ਸਾਹਿਬ ਸ਼੍ਰੋਮਣੀ ਕਮੇਟੀ ਦੇ ਕਬਜੇ ਤਹਿਤ ਹੀ ਹੈ। ਜਦੋਂ ਕਿ ਚੋਲਾ ਸਾਹਿਬ ਦੀ ਸੇਵਾ ਤਿੰਨ ਬੇਦੀ ਪ੍ਰਵਾਰਾਂ ਕੋਲ ਹੈ।

ਕਿਉਕਿ ਗੁਰੂ ਸਾਹਿਬ ਸਭ ਧਰਮਾਂ ਦੇ ਸਾਂਝੇ ਸਨ ਇਹ ਗਲ ਕਰਤਾਰਪੁਰ ਵਿਖੇ ਕਬਰ ਅਤੇ ਡੇਰਾ ਬਾਬਾ ਨਾਨਕ ਵਿਖੇ ਮੌਜੂਦ ਚੋਲਾ ਸਾਹਿਬ ਤੋਂ ਉਘੜ ਕੇ ਉਜਾਗਰ ਹੁੰਦੀ ਹੈ ਜਿਸ ਕਾਰਨ ਹਿੰਦੁਸਤਾਨ ਦੇ ਕੁਝ ਫਿਰਕਾਪ੍ਰਸਤਾਂ ਨੂੰ ਕਸਬਾ ਡੇਰਾ ਬਾਬਾ ਨਾਨਕ ਬਹੁਤ ਚੁੱਭਦਾ ਹੈ। ਇਹੋ ਕਾਰਨ ਜਿਹੜਾ ਇਥੋਂ ਦਾ ਪ੍ਰਸਿੱਧ ਵੈਸਾਖੀ ਮੇਲਾ ਹੌਲੀ ਹੌਲੀ ਸਾਜਿਸ਼ ਤਹਿਤ ਖਤਮ ਕਰ ਦਿੱਤਾ ਗਇਆ ਹੈ ਅਤੇ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਪ੍ਰਵਾਨਗੀ ਲਈ ਇੰਨਾ ਲੰਮਾ ਸਮਾਂ ਲੱਗਾ।




ਸਮਾਧ ਬਾਬਾ ਕਾਬਲੀ ਮਲ

-----◈-----

## ਪੱਖੋਕੇ (ਟਾਹਲੀ ਸਾਹਿਬ)

ਗੁਰੂ ਨਾਨਕ ਪਾਤਸ਼ਾਹ ਦੇ ਸਹੁਰੇ ਪਿੰਡ ਪੱਖੋਕੇ ਰੰਧਾਵਾ ਵਿੱਚ ਸਨ ਜਿਥੋਂ ਦਾ ਚੌਧਰੀ ਅਜਿਤਾ ਰੰਧਾਵਾ ਹੋਇਆ ਹੈ। ਇਸੇ ਚੌਧਰੀ ਦੀ ਜਮੀਨ ਤੇ ਪੱਖੋਕਿਆਂ ਤੋਂ 3 ਕਿ. ਮੀ. ਦੱਖਣ ਵਿੱਚ ਗੁਰੂ ਸਾਹਿਬ ਨੇ ਪਹਿਲਾ ਡੇਰਾ ਸਥਾਪਤ ਕੀਤਾ ਸੀ, ਜਿੱਥੇ ਅੱਜ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਹੈ। ਸਹੁਰੇ ਪਿੰਡ ਤੋਂ ਬਾਹਰਵਾਰ ਓਦੋਂ ਭਾਈ ਸਿਧਾਰਣ ਗੁਰੂ ਸਾਹਿਬ ਦੀ ਸੇਵਾ ਕਰਿਆ ਕਰਦਾ ਸੀ। ਉਹ ਗੁਰਸਿੱਖ ਵੀ ਪਿੰਡ ਪੱਖੋਕੇ ਤੋਂ ਹੀ ਖੱਤਰੀ ਪ੍ਰਵਾਰ ਵਿਚੋਂ ਸੀ।

ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ ਦਾ ਬਚਪਨ ਵੀ ਪਿੰਡ ਪੱਖੋਕੇ ਵਿੱਚ ਹੀ ਗੁਜਰਿਆ ਸੀ।

ਜਦੋਂ ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਸਿੱਖਾਂ ਦਾ ਦੂਸਰਾ ਗੁਰੂ ਥਾਪ ਦਿੱਤਾ ਤਾਂ ਸ੍ਰੀ ਚੰਦ ਨੇ ਵਿਰੋਧ ਕਰਦੇ ਹੋਏ ਆਪਣੇ ਸਿਰ ਵਿੱਚ ਸਵਾਹ ਪਾ ਕੇ ਪਿੰਡ ਪੱਖੋਕੇ ਦੇ ਪੱਛਮ ਟਾਹਲੀ ਥੱਲੇ ਆਸਣ ਲਾ ਲਿਆ ਸੀ। ਇਥੇ ਹੀ ਬਾਦ ਵਿੱਚ ਬਾਬਾ ਸ੍ਰੀ ਚੰਦ ਦੀ ਯਾਦ ਵਿੱਚ ਮੰਦਰ ਬਣਿਆ। ਕੁਦਰਤੀ ਹੈ ਕਿ ਇਸ ਮੰਦਰ ਤੇ ਉਦਾਸੀ ਸੰਤਾਂ ਦਾ ਕਬਜਾ ਸੀ।

ਸੰਨ 1684 ਈ. ਨੂੰ ਰਾਵੀ ਦਾ ਵਹਿਣ ਬਦਲ ਗਿਆ। ਪਹਿਲਾ ਰਾਵੀ ਕਰਤਾਰਪੁਰ ਸਾਹਿਬ ਦੇ ਪਹਾੜ ਪਾਸਿਆਂ ਦੀ ਲੰਘਦਾ ਸੀ। ਹੁਣ ਰਾਵੀ ਕਰਤਾਰਪੁਰ ਦੇ ਦੱਖਣ ਵਲ ਚਲਾ ਗਿਆ। ਸੰਨ 1700 ਈ. ਦੇ ਨੇੜੇ ਤੇੜੇ ਫਿਰ ਰਾਵੀ ਨੇ ਪੱਖੋਕਿਆਂ ਨੂੰ ਵੀ ਸਿੱਧੀ





ਉਦਾਸੀ ਮੰਦਰ ਪੱਖੋਕੇ, ਨਾਲ ਟਾਹਲੀ ਸਾਹਿਬ ਅਤੇ ਬਾਬਾ ਸ੍ਰੀ ਚੰਦ ਦੀ ਮੂਰਤੀ। ਇਥੋਂ ਦੇ ਮਹੰਤ ਸ੍ਰੀ ਕਰਨ ਦਾਸ ਦਾ ਕਹਿਣਾ ਹੈ ਕਿ ਇਹ ਮੂਰਤੀ ਸਭ ਤੋਂ ਪੁਰਾਣੀਆਂ ਮੂਰਤੀਆਂ ਵਿਚੋਂ ਇਕ ਹੈ। ਇਹਦੇ ਨਾਲ ਦੀ ਹੀ ਹਰਦੁਆਰ ਵਿਖੇ ਹੈ। ਇਸ ਮੂਰਤੀ ਵਿਚ ਬਾਬਾ ਜੀ ਦਾ ਚਿਹਰਾ ਕੁਝ ਅਸਲ ਬੇਦੀਆਂ ਵਰਗਾ ਲਗਦਾ ਹੈ। ਅੱਜ ਕਲ ਜੋ ਮੂਰਤੀਆਂ ਬਣਾਈਆਂ ਜਾ ਰਹੀਆ ਹਨ ਉਹਨਾਂ ਵਿਚ ਬਾਬਾ ਜੀ ਨੂੰ ਸ਼ਿਵ ਜੀ ਦੇ ਰੂਪ ਵਿਚ ਵਿਖਾਇਆ ਜਾ ਰਿਹਾ ਹੈ।

ਢਾਹ ਲਾ ਦਿੱਤੀ। ਜਿਸ ਕਰਕੇ ਪਿੰਡ ਦੀ ਅਬਾਦੀ ਓਥੋਂ ਨੱਸੀ ਤੇ ਹੇਠ ਲਿਖੇ ਪਿੰਡ ਵਸੇ:

1.ਪੱਖੋਕੇ ਟਾਹਲੀ ਸਾਹਿਬ ਜਿਹੜਾ ਅੱਜ ਡੇਰਾ ਬਾਬਾ ਨਾਨਕ ਦੇ ਚੜ੍ਹਦੇ ਪਾਸੇ ਦੋ ਫਰਲਾਗ ਤੇ ਹੈ।

2. ਪੱਖੋਕੇ ਮਹਿਮਾਰਾਂ -ਡੇਰਾ ਬਾਬਾ ਨਾਨਕ ਤੋਂ ਦੱਖਣ-ਪੱਛਮ ਵਿਚ

3.ਪੱਖੋਕੇ ਰੰਧਾਵਿਆਂ- ਡੇਰਾ ਬਾਬਾ ਨਾਨਕ ਤੋਂ ਢਾਈ ਕਿ. ਮੀ. ਪਹਾੜ ਪਾਸੇ।(ਅੱਜ ਬੇਚਰਾਗ ਹੋ ਚੁੱਕਾ ਹੈ। ਧੁੱਸੀ ਤੋਂ ਪਰਲੇ ਪਾਸੇ ਹੁੰਦਾ ਸੀ)

4. ਚੰਦੂ ਨੰਗਲ- ਡੇਰਾ ਬਾਬਾ ਨਾਨਕ ਤੋਂ ਚੜ੍ਹਦੇ ਪਾਸੇ 2 ਫਰਲਾਗ ਤੇ।

5. ਬਹੁਤੀ ਅਬਾਦੀ ਡੇਰਾ ਬਾਬਾ ਨਾਨਕ ਵਿਖੇ ਹੀ ਅਬਾਦ ਹੋ ਗਈ।

ਸੋ ਡੇਰਾ ਬਾਬਾ ਨਾਨਕ ਕਸਬੇ ਦੇ ਚੜ੍ਹਦੇ ਪਾਸੇ, ਚੋਲਾ ਸਾਹਿਬ ਤੋਂ ਕੋਈ 300 ਗਜ ਦੀ ਦੂਰੀ ਤੇ ਜਿਹੜਾ ਪਿੰਡ ਪੱਖੋਕੇ ਹੈ ਇਥੇ ਹੀ ਬਾਬਾ ਸ੍ਰੀ ਚੰਦ ਵਾਲਾ ਟਾਹਲੀ ਸਾਹਿਬ ਮੰਦਰ ਤਬਦੀਲ ਹੋ ਗਿਆ। ਭਾਵ ਬਾਬਾ ਸ੍ਰੀ ਚੰਦ ਵਾਲੀ ਧੂਣੀ ਇਥੇ ਧੁੱਖ ਰਹੀ ਹੈ ਅਤੇ ਵਕਤ ਪਾ ਕੇ ਉਦਾਸੀ ਸਾਧਾਂ ਦੀ ਆਪਸੀ ਖਹਿਬਾਜੀ ਕਰਕੇ ਇੱਕ ਸ੍ਰੀ ਚੰਦ ਮੰਦਿਰ ਨੇੜੇ ਹੀ ਪਿੰਡ ਚੰਦੂ ਨੰਗਲ ਵਿਖੇ ਬਣ ਗਿਆ। (ਵੇਖੋ ਤਸਵੀਰ)

ਇਥੇ ਵੀ ਮੰਦਰ ਦਾ ਨਾਂ ਟਾਹਲੀ ਸਾਹਿਬ ਹੈ।



ਚੰਦੂ ਨੰਗਲ ਟਾਹਲੀ ਸਾਹਿਬ

—▲—

ਪ੍ਰੂਫ ਸ੍ਰੋਤ

⊙ ਦਿਲਜੀਤ-62-ਕਰਤਾਰਪੁਰ ਰੁੜਿਆ। 1640 ਬਿਕਰਮੀ (1583 ਈ) ਨੂੰ ਗਿਆਨੀ (ਗੁਰਧਾਮ) : 18- ਸੰਮਤ 1741 ਨੂੰ ਕਬਰ ਤੇ ਸਮਾਧ ਰੁੜੀਆਂ

● ਗਿਆਨੀ (ਗੁਰਧਾਮ) : 19- ਸੰਮਤ 1776 (1719 ਈ.) ਬੇਦੀ ਮਿਹਰ ਚੰਦ ਅਤੇ ਮਾਣਕ ਚੰਦ ਨੇ 8000 ਵਿਘੇ ਜਮੀਨ ਰੰਧਾਵਿਆਂ ਤੋਂ ਖਰੀਦ ਲਈ।(ਸ਼ਮਸ਼ੇਰ ਸਿੰਘ ਅਸ਼ੋਕ ਵੀ) ਸਾਈਕਲ ਯਾਤਰੀ- 342

◘ ਸਰਜੀ (ਬਾਉਲੀ )ਦੀ ਨੀਂਹ ਬਾਬਾ ਸ੍ਰੀ ਚੰਦ ਨੇ ਰੱਖੀ। - ਦਲਜੀਤ-63.

---

ਪੁਸਤਕ ਜ਼ਿੰਦਗੀਨਾਮਾ ਗੁਰੂ ਨਾਨਕ

**ਸਮਾਪਤ**

—▲— 'ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸਰਬਤ ਦਾ ਭਲਾ॥ ' —▲—

# ਕੀ ਗੁਰੂ ਨਾਨਕ ਕੇਸਧਾਰੀ ਨਹੀ ਸਨ?

ਸਮੀਖਿਆ

**ਬਾਬ -ਜੋੜ 1**

ਦਸਵੇਂ ਗੁਰੂ ਦੇ ਹੁਕਮ ਅਨੁਸਾਰ ਸਿੱਖਾਂ ਵਾਸਤੇ ਕੇਸ ਕਟੱਣ ਦੀ ਸਖਤ ਮਨਾਹੀ ਹੈ। ਬਜਾਰ ਵਿਚ ਕਈ ਕਿਤਾਬਾਂ ਤੇ ਪੇਟਿੰਗ਼ ਮਿਲਦੀਆਂ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਨੂੰ ਇਸ ਤਰਾਂ ਚਿੱਤਰਿਆ ਗਿਆ ਹੈ ਜਿਵੇਂ ਕਿ ਉਹ ਕੇਸ ਕਟਦੇ ਸਨ। ਓਧਰ ਸ਼ਰਧਾਵਾਨ ਸਿੱਖਾਂ ਦੇ ਘਰਾਂ ਅੰਦਰ ਅੱਜ ਪੇਟਿੰਗ ਟੰਗੀਆਂ ਮਿਲਦੀਆਂ ਹਨ ਜ੍ਹਿਨਾਂ ਵਿਚ ਗੁਰੂ ਨਾਨਕ ਨੂੰ ਸਾਬਤ ਕੇਸਧਾਰੀ ਦਿਖਾਇਆ ਗਿਆ ਹੈ। ਸੋ ਇਤਹਾਸ ਦੇ ਵਿਦਆਰਥੀ ਲਈ ਇਹ ਬੜਾ ਦਿਲਚਸਪ ਸਵਾਲ ਬਣ ਜਾਂਦਾ ਹੈ, ਕਿ ਕੀ ਗੁਰੂ ਨਾਨਕ ਕੇਸਧਾਰੀ ਨਹੀ ਸਨ? ਫਿਰ ਨਾਲੇ ਸਿੱਖ ਇਤਿਹਾਸ ਦੀ ਤਾਂ ਬਹੁਤ ਛੋਟੀ ਜਿਹੀ 500 ਸਾਲ ਦੀ ਉਮਰ ਹੈ। ਜਿਸ ਤੇ ਖੁਸ਼ਕਿਸਮਤੀ ਨਾਲ ਬਹੁਤ ਸਾਰੇ ਸਰੋਤ ਮਿਲਦੇ ਹਨ।

ਸੋ ਆਓ ਵਾਲਾਂ ਬਾਬਤ ਇਤਹਾਸਿਕ ਨੁਕਤਾ ਨਿਗਾਹ ਦੀ ਪਹਿਲੋ ਪੜਤਾਲ ਕਰੀਏ:

ਇਸ ਸਬੰਧ ਵਿਚ ਸਾਡੀ ਨਿਗਾਹੇ ਚੜਿਆ ਇਤਿਹਾਸਕ ਪੁਸਤਕਾਂ ਵਿਚੋਂ 1030 ਈ: ਦੇ ਆਸ ਪਾਸ ਅਲ ਬਰੂਨੀ ਲਿਖਤ 'ਕਿਤਾਬ ਉਲ ਹਿੰਦ' ਗਰੰਥ। ਜਿਸ ਨੇ ਹਿੰਦੁਸਤਾਨ ਤੇ ਹਿੰਦੂਆਂ ਦੀ ਅਜਿਹੀ ਅਸਲ ਤਸਵੀਰ ਖਿੱਚੀ ਹੈ ਜਿਸ ਦਾ ਦੁਨੀਆਂ 'ਚ ਕੋਈ ਸਾਨੀ ਨਹੀਂ। ਦੇਖੋ ਇਹ ਭਾਰਤੀਆਂ ਬਾਰੇ ਕੀ ਲਿਖਦਾ ਹੈ। ਯਾਦ ਰਹੇ ਕਿ ਅਲਬਰੂਨੀ ਗੁਰੂ ਨਾਨਕ ਤੋਂ ਕੋਈ 450 ਸਾਲ ਪਹਿਲਾਂ ਹੋਇਆ ਹੈ:-

"ਹਿੰਦੂਆਂ ਦੇ ਬਹੁਤੇ ਰੀਤੀ ਰਿਵਾਜ ਸਾਡੇ ਨਾਲੋਂ ਇਕਦਮ ਹੀ ਅਲੱਗ ਹਨ। ਬੰਦਾਂ ਤਾਂ ਇਹ ਵੀ ਸ਼ੱਕ ਕਰ ਸਕਦੈ ਕਿ ਸ਼ਾਇਦ ਇਨਾਂ ਨੇ ਜਾਣ ਬੁਝ ਕੇ ਰਸਮਾਂ ਸਾਡੇ ਤੋਂ ਉਲਟ ਰੱਖੀਆਂ ਹਨ। ਜੇ ਕਿਤੇ ਇਤਫਾਕਨ ਸਾਡੀ ਕੋਈ ਰਸਮ ਇਨਾਂ ਨਾਲ ਮੇਲ ਖਾਂਦੀ ਹੈ ਤਾਂ ਉਸ ਦੇ ਮਾਇਨੇ ਸਾਡੇ ਤੋਂ ਬਿਲਕੁਲ ਉਲਟ ਹਨ।"


"ਇਹ ਸਰੀਰ ਦੇ ਕਿਸੇ ਹਿੱਸੇ ਦੇ ਵੀ ਵਾਲ ਨਹੀਂ ਕੱਟਦੇ। ਪਹਿਲਾਂ ਪਹਿਲਾਂ ਤਾਂ ਇਹ ਇਕੋ ਗੁਤ ਜਿਹੀ ਬਣਾ ਰੱਖਦੇ ਸਨ ਤਾਂ ਵਾਲਾਂ ਦਾ ਨੁਕਸਾਨ ਨਾ ਹੋਵੇ। ਗੁਪਤ ਅੰਗਾਂ ਦੇ ਦੁਆਲਿਓਂ ਵਾਲ ਇਹ ਇਸ ਕਰਕੇ ਨਹੀਂ ਕੱਟਦੇ ਤਾਂ ਕਿ ਕਾਮ ਦੀ ਇਛਾ ਭੜਕੇ ਨਾਂ।" (India Al-Biruni, National Book Trust New Delhi)

ਵਾਲ ਸਾਬਤ ਰੱਖਣੇ ਤੇ ਅਲਬਿਰੂਨੀ ਦਾ ਵਿਚਾਰ ਹੈ ਕਿ ਹਿੰਦੂ ਮੌਸਮੀ ਕਾਰਨਾਂ ਕਰਕੇ ਵਾਲ ਨਹੀਂ ਕੱਟਦੇ। ਹਾਲਾਂ ਕਿ ਵਾਲਾਂ ਬਾਰੇ ਬਕਾਇਦਾ ਸ਼ਾਸਤਰਾਂ ਵਿਚ ਹੁਕਮ ਹਨ। ਸ਼ਾਸਤਰਾਂ ਅਨੁਸਾਰ ਵਾਲ ਕੱਟਣਾ ਮੌਤ ਦੇ ਬਰਾਬਰ ਹੈ। ਉਦਾਹਰਣ ਦੇ ਤੌਰ ਤੇ ਮੰਨੂ ਸਿਮਰਤੀ ਹੀ ਲੈ ਲਓ, ਇਸ ਵਿਚ ਲਿਖਿਆ ਹੈ ਕਿ ਫਲਾਣੇ ਜੁਰਮ ਦੀ ਸਜਾ ਮੌਤ ਹੈ ਤੇ ਅੱਗੇ ਲਿਖਿਆ ਹੈ ਕਿ ਜੇਕਰ ਅਜਿਹਾ ਜੁਰਮ ਬ੍ਰਾਹਮਣ ਕੋਲੋਂ ਹੋ ਜਾਵੇ ਤਾਂ ਉਸ ਵਾਸਤੇ ਇਹ ਸਜਾ ਹੋਵੇਗੀ ਕਿ ਉਸਦੇ ਸਰੀਰ ਦੇ ਸਾਰੇ ਵਾਲ ਕੱਟ ਦਿਤੇ ਜਾਣ। ਭਾਵ ਜਿਸ ਨੂੰ ਪੂਰੀ ਤਰਾਂ ਬੇਇਜਤ ਕਰਨਾਂ ਹੋਵੇ, ਉਸ ਦੇ ਵਾਲ ਕੱਟ ਦਿੱਤੇ ਜਾਂਦੇ ਸਨ।

ਫਿਰ ਹਿੰਦੂ ਸ਼ਾਸਤਰਾਂ ਵਿਚ ਲਿਖਿਆ ਹੈ ਕਿ ਜਿਹੜੇ ਇਨਸਾਨ ਦੀ ਮੌਤ ਕਿਸੇ ਪਵਿੱਤਰ ਤੀਰਥ ਤੇ ਹੋਵੇਗੀ ਤਾਂ ਉਸ ਦੀ ਮੁਕਤੀ ਹੋ ਜਾਵੇਗੀ। ਤੇ ਬਾਅਦ ਵਿਚ ਸਵਾਰਥੀ ਲੋਕਾਂ ਇਸ ਰਸਮ ਦਾ ਫਾਇਦਾ ਲੈਣ ਲਈ ਵੀ ਰਸਤਾ ਕੱਢ ਲਿਆ ਕਿ ਤੀਰਥ ਤੇ ਜਾ ਕੇ ਜੇ ਸਾਰੇ ਕੇਸ ਕਟਵਾ ਲਓ ਤਾਂ ਇਹ ਵੀ 'ਮ੍ਰਿਤੂ ਸਮਾਨ ਹੋਵੇਗਾ'। ਇਹ ਰਿਵਾਜ ਅੱਜ ਤੱਕ ਵੀ ਚਲਦਾ ਹੈ।

ਏਸੇ ਤਰਾਂ ਵਾਲ ਕੱਟਣ ਦਾ ਇਕ ਹੋਰ ਰਿਵਾਜ ਇਸ ਤਰਾਂ ਸ਼ੁਰੂ ਹੋਇਆ ਕਿ ਕਈ ਲੋਕ ਆਪਣੇ ਪਿਆਰਿਆਂ ਦੀ ਮੌਤ ਤੇ ਆਪਣੀ ਜੀਵਨ ਲੀਲਾ ਵੀ ਖਤਮ ਕਰ ਲਿਆ ਕਰਦੇ ਸਨ। ਜਿਸ ਕਰਕੇ ਸਤੀ ਵਰਗੀ ਰਸਮ ਆਮ ਜਿਹੀ ਹੋ ਗਈ। ਬ੍ਰਾਹਮਣਾਂ ਫਿਰ ਆਪਣੇ ਵਾਸਤੇ ਤੇ ਆਪਣੇ ਤਾਕਤਵਰ ਜਜਮਾਨਾਂ ਵਾਸਤੇ ਹੱਲ ਕੱਢ ਲਿਆ ਕਿ ਉਹ ਮੁੰਡਨ (ਭੱਦਣ) ਕਰਵਾਕੇ ਬਚ ਸਕਦੇ ਹਨ ਭਾਵ ਮਰੋ ਨਾਂ ਬਸ ਵਾਲ ਕੱਟ ਲਓ। ਜਿਸ ਕਾਰਨ ਪਿਤ੍ਰਾਂ ਦੇ ਚਲਾਣੇ ਤੇ ਭੱਦਣ ਕਰਨਾ ਤਾਂ ਇਕ ਰਸਮ ਹੀ ਬਣ ਗਈ। ਮਜੇ ਦੀ ਗੱਲ ਇਹ ਹੈ ਕਿ ਇਹ ਦੋਨੋਂ ਰਸਮਾਂ ਅੱਜ ਵੀ ਪ੍ਰਚਲਤ ਹਨ, ਫਰਕ ਸਿਰਫ ਇਨਾਂ ਹੈ ਕਿ ਪਹਿਲਾਂ ਸਾਬਤ ਵਾਲਾਂ ਦਾ ਮੁੰਡਨ ਹੁੰਦਾ ਸੀ ਤੇ ਅੱਜ ਪਹਿਲਾਂ ਤੋਂ ਹੀ ਰੁੰਡ ਮੁੰਡ ਸਿਰਾਂ ਤੇ ਉਸਤਰਾਂ ਫੇਰ ਕੇ ਸਾਫ ਟਿੰਡ ਕਰ ਲਈ ਜਾਂਦੀ ਹੈ। ਬੰਦਾਂ ਪੁੱਛੇ ਭਈ ਹੁਣ ਇਸ ਮੁੰਡਨ ਦਾ ਮਤਲਬ ਕੁਝ ਰਹਿ ਗਿਆ ਹੈ? ਸਾਬਕਾ ਰਾਸ਼ਟਰਪਤੀ ਸ੍ਰੀ ਸ਼ੰਕਰ ਦਿਆਲ ਸ਼ਰਮਾਂ ਜੀ ਨੇ ਵੀ ਮੌਤ ਤੋਂ ਪਹਿਲਾਂ ਤਿਰੂਪਤੀ ਜਾ ਕੇ ਏਸੇ ਤਰਾਂ ਟਿੰਡ ਕਰਾ ਲਈ।

ਪਰ ਅੱਜ ਤੋਂ 500 ਸਾਲ ਪਹਿਲਾਂ ਅਜੇ ਇਹ ਫੈਸ਼ਨ ਕਰਕੇ ਵਾਲ ਕੱਟਣ ਦਾ ਰਿਵਾਜ ਨਹੀਂ ਸੀ ਪਿਆ। ਓਧਰ ਦੇਖੋ ਮੁਗਲ ਸਰਕਾਰ ਕੇ ਫੁਰਮਾਨ (Gazzette notification) ਅੱਜ ਵੀ ਲਾਈਬ੍ਰੇਰੀਆਂ 'ਚ ਮੌਜੂਦ ਹਨ। ਮਜੇ ਦੀ ਗੱਲ ਇਹ ਹੈ ਕਿ ਔਰੰਗਜੇਬ ਤੇ ਉਸ ਦੇ ਲੜਕੇ ਬਹਾਦੁਰ ਸ਼ਾਹ ਦੇ ਤਿੰਨ ਫੁਰਮਾਨ ਸਾਨੂੰ ਅਖਬਾਰਾਤ-ਇ-ਦਰਬਾਰ-ਇ ਮੁਅੱਲਾ ਚੋਂ ਮਿਲਦੇ ਹਨ, ਜਿਸ ਵਿਚ ਬਾਦਸ਼ਾਹ ਨੇ ਹੁਕਮ ਚਾੜਿਆ ਹੈ ਕਿ ਹਿੰਦੂ ਪਰਜਾ ਆਪਣੇ ਵਾਲ ਕੱਟੇ। ਫੌਜ ਦੇ ਅਹਿਲਕਾਰਾਂ ਨੇ ਜਦੋਂ ਇਸ ਫੁਰਮਾਨ ਦੀ ਪਾਲਣਾ ਕੀਤੀ ਤਾਂ ਸਰਕਾਰ ਨੇ ਉਨਾਂ ਨੂੰ ਸਨਮਾਨਤ ਵੀ ਕੀਤਾ (ਖਿਲਤ ਬਖਸ਼ੀ) ਜਿੰਨਾ 'ਚ ਰਾਜਪੂਤ ਰਾਜਾ ਜੈ ਸਿੰਘ ਵੀ ਸ਼ਾਮਲ ਸੀ। ਉਧਰ ਗੁਰੂ ਗੋਬਿੰਦ ਸਿੰਘ ਇਸ ਫੁਰਮਾਨ ਦਾ ਵਿਰੋਧ ਕਰ ਰਹੇ ਹਨ ਕਿ ਹਿੰਦੂ ਇਸ ਤਰਾਂ ਬੇਇਜਤ ਨਾ ਹੋਣ ਤੇ ਸਾਬਤ ਸੂਰਤ ਰਹਿਣ।



ਕਈ ਜਨਮ ਸਾਖੀਆਂ ਵਿਚ ਬਕਾਇਦਾ ਚਿਤ੍ਰ ਵੀ ਦਿੱਤੇ ਹੋਏ ਹਨ। ਇਨ੍ਹਾਂ ਜਨਮ ਸਾਖੀਆਂ ਵਿਚੋਂ ਪੁਰਾਣੇ ਤੋਂ ਪੁਰਾਣਾ ਨੁਖਸਾ ਜਨਮ ਸਾਖੀ-ਬੀ ਚਾਲੀ 1733 ਈ. ਦਾ ਹੈ। ਭਾਵ ਕਿ ਸਾਰੇ ਦੇ ਸਾਰੇ ਗੁਰੂ ਗੋਬਿੰਦ ਸਿੰਘ ਦੀ ਵਸਾਖੀ 1699 ਈ. ਤੋਂ ਬਾਦ ਦੇ ਹੀ ਹਨ। ਬੀ:40 ਦਾ ਚਿਤੇਰਾ ਕੋਈ ਆਲਮ ਚੰਦ (ਰਾਜ ਮਿਸਤਰੀ) ਹੈ। ਜਿਵੇ ਕਿ ਗੁਰੂ ਕਰਮ ਕਾਂਡ ਤੇ ਰਸਮਾਂ ਦੇ ਖਿਲਾਫ ਸੀ ਫਿਰ ਵੀ ਗੁਰੂ ਨੂੰ ਤਸਵੀਰਾਂ ਵਿਚ ਕਰਮਕਾਂਡੀ ਦਿਖਾਇਆ ਗਿਆ ਹੈ। ਕਿਉਕਿ ਚਿਤੇਰਾ ਇਕ ਰਾਜ ਸੀ ਉਹ ਲਗ ਪਗ ਹਰ ਤਸਵੀਰ ਨਾਲ ਇਮਾਰਤਾਂ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ। ਗੁਰੂ ਜਿਵੇ ਜਨੇਊ, ਤਿਲਕ ਆਦਿ ਦਾ ਖੰਡਨ ਕਰਦਾ ਹੈ ਫਿਰ ਵੀ ਗੁਰੂ ਨੂੰ ਤਿਲਕ ਤੇ ਜਨੇਊ (ਸੇਲੀ) ਵਿਚ ਦਿਖਾਇਆ ਗਿਆ ਹੈ। ਉਪਰਲੀ ਤਸਵੀਰ ਵੀ ਓਸੇ ਬੀ:40ਚੋਂ ਹੀ ਹੈ।

ਇਹ ਸਾਰਾ ਵਿਸਥਾਰ ਦੇਣ ਤੋਂ ਸਾਡਾ ਭਾਵ ਇਹ ਹੈ ਕਿ ਅੱਜ ਤੋਂ 400-500 ਸਾਲ ਪਹਿਲਾਂ ਬਹੁਤੇ ਭਾਰਤੀ ਕੇਸ ਰੱਖਦੇ ਸਨ ਤੇ ਪੱਛਮ ਤੋਂ (ਇਰਾਨ, ਇਰਾਕ, ਅਰਬ, ਤੁਰਕੀ) ਤੋਂ ਆਉਣ ਵਾਲੇ ਮੁਸਲਮਾਨ ਇਨਾਂ ਨੂੰ ਜੰਗਲੀ ਜਾਂ ਜਾਹਿਲ (Uncivilised) ਗਿਣਦੇ ਸਨ। ਤੇ ਫਿਰ ਇਸ ਦਾ ਫੈਸ਼ਨ ਉਪਰੋਂ ਥੱਲੇ ਨੂੰ ਸ਼ੁਰੂ ਹੋ ਗਿਆ।

ਇਥੇ ਇਹ ਦੱਸਣਾਂ ਜਰੂਰੀ ਹੋ ਜਾਂਦਾ ਹੈ ਕਿ ਦੇਵਤਿਆਂ ਦੀਆਂ ਪੁਰਾਤਨ ਮੂਰਤੀਆਂ ਘੜਦੇ ਕਲਾਕਾਰ ਹਮੇਸ਼ਾਂ ਉਨਾਂ ਨੂੰ ਦਾੜੀ ਰਹਿਤ ਹੀ ਦਰਸਾਉਂਦੇ ਹਨ। ਹਾਲਾਂਕਿ ਕੇਸਾਂ ਦੇ ਜੂੜੇ ਸਭ ਭਗਵਾਨਾਂ ਦੇ ਸਿਰ ਤੇ ਹਨ। ਕਲਾਕਾਰਾਂ ਦੀ ਇਹ ਸੋਚ ਸੀ ਕਿ ਦਾੜੀ ਦਰਸਾਕੇ ਉਹ ਮੂਰਤੀ ਦੀ ਪਛਾਣ ਲੁਕਾ ਦੇਣਗੇ। ਫਿਰ ਭਗਵਾਨ ਜਾਂ ਨਾਇਕ ਨੂੰ ਛੋਟੀ ਉਮਰ ਦਾ ਤਰਾਸ਼ਿਆ ਜਾਂਦਾ ਸੀ। ਅਸੀਂ ਕੋਈ ਅਜਿਹੀ ਮੂਰਤੀ ਨਹੀਂ ਦੇਖੀ ਜਿਸ ਵਿਚ ਕਿਸੇ ਮਹੱਤਵਪੂਰਨ ਅਵਤਾਰ/ਦੇਵਤਾ ਨੂੰ ਕੇਸ ਰਹਿਤ ਦੱਸਿਆ ਗਿਆ ਹੋਵੇ।

ਸੋ ਕੇਸ ਰੱਖਣਾ ਮੂਲ ਰੂਪ ਵਿਚ ਹਿੰਦੂਮਤ ਦਾ ਨਿਯਮ ਹੈ ਅਤੇ ਸਤਿਕਾਰ ਦਾ ਪ੍ਰਤੀਕ ਗਿਣਿਆ ਗਿਆ ਹੈ। ਗੁਰੂ ਸਾਹਿਬ ਨੇ ਉਂਜ ਲਗਪਗ ਬਹੁਤੇ ਹਿੰਦੂ ਸਿਧਾਂਤ ਰੱਦ ਕਰ ਦਿੱਤੇ ਪਰ ਕਿਉਕਿ ਕੇਸ ਦਾ ਸਿਧਾਂਤ ਰਜਾ ਦੇ ਅਨੁਕੂਲ ਹੈ ਇਸ ਕਰਕੇ ਹਿੰਦੂਮਤ ਦੇ ਕੇਸ ਸਿਧਾਂਤ ਨੂੰ ਗੁਰਮਤ ਲਈ ਮਨਜੂਰ ਕੀਤਾ। ਅਜਿਹੀਆਂ ਸਮਾਨਤਾਵਾਂ ਹੋਰ ਧਰਮਾਂ ਵਿਚ ਵੀ ਹਨ ਜਿਵੇ ਇਸਲਾਮ ਅਤੇ ਈਸਾਈਮਤ ਦੇ

ਬਹੁਤੇ ਸਿਧਾਂਤ ਇਕ ਹੀ ਹਨ।

ਖੁਸ਼ਕਿਸਮਤੀ ਨਾਲ ਸਾਡੇ ਕੋਲ ਗੁਰੂ ਸਾਹਿਬ ਦੀ ਲਿਖਤ ਬਾਣੀ ਮੌਜੂਦ ਹੈ, ਜਿਸ ਤੇ ਪੰਜਵੇਂ ਗੁਰੂ ਨੇ ਪ੍ਰਵਾਨਤਾ ਦੀ ਮੋਹਰ ਲਾਈ ਹੋਈ ਹੈ। ਆਓ ਦੇਖੀਏ ਉਸ ਮੁਤਾਬਿਕ ਕੀਹ ਗੱਲ ਬਣਦੀ ਹੈ?

ਗੁਰੂ ਸਾਹਿਬ ਦੇ ਸਮੇਂ ਕੁਝ ਖਾਸ ਕਿਸਮ ਦੇ ਸਾਧੂ ਜਿਵੇਂ ਜੈਨੀ ਜਾਂ ਬੋਧੀ ਹੀ ਸਿਰਫ ਕੇਸ ਨਹੀਂ ਸੀ ਰੱਖਦੇ ਬਾਕੀ ਸਾਧੂ ਸਭ ਕੇਸਧਾਰੀ ਹੋਇਆ ਕਰਦੇ ਸਨ। ਜਿਹੜੇ ਲੋਕਾਂ ਗੁਰਬਾਣੀ ਪੜੀ ਜਾਂ ਸੁਣੀ ਹੈ ਉਹਨਾਂ ਨੂੰ ਤਾਂ ਪਤਾ ਹੈ ਕਿ ਗੁਰੂ ਦਾ ਸਾਰਾ ਸਿਧਾਂਤ ਹੀ ਰੱਬ ਦੀ ਰਜਾ 'ਚ ਰਹਿਣ ਦਾ ਹੈ। ਸੋ ਗੁਰੂ ਸਾਹਿਬ ਜਦੋਂ ਇਨਾਂ ਜੈਨੀ ਸਾਧੂਆਂ ਬਾਰੇ ਟਿਪਣੀ ਕਰਦੇ ਹਨ ਤਾਂ ਬੜੇ ਸਖਤ ਲਫਜ ਲਿਖ ਜਾਂਦੇ ਹਨ। ਯਾਦ ਰਹੇ ਕਿ ਜੈਨੀ ਸਾਧੂ ਆਪਣੇ ਕੇਸ ਖੁੱਦ ਪੁੱਟ ਦਿੰਦੇ ਹਨ।

ਸੋ ਜਦੋਂ ਜੈਨੀ ਸਾਧੂਆਂ ਨੂੰ ਦੇਖਦੇ ਹਨ ਕਿ ਇਹ ਵਾਲ ਪੁੱਟ ਖੋਹ ਕੇ ਹੁਕਮ ਅਦੂਲੀ ਕਰ ਰਹੇ ਹੁੰਦੇ ਹਨ ਤਾਂ ਕਰੜੇ ਲਫਜ ਵਰਤਦੇ ਹਨ ਕਿਉਂਕਿ ਜਿਵੇਂ ਉਪਰ ਦੱਸਿਆ ਸਿੱਖੀ ਦੀ ਸਾਰੀ ਫਿਲਾਸਫੀ ਹੀ ਰਜਾ ਜਾਂ ਭਾਣੇ 'ਚ ਚਲਣ ਦਾ ਰਾਹ ਹੈ।

ਫਿਰ ਜਦੋਂ ਸਾਹਿਬ ਘੱਟ ਘੱਟ 'ਚ ਬਿਰਾਜਮਾਨ ਨਿਰੰਕਾਰ ਨੂੰ ਇਨਸਾਨ ਦੇ ਰੂਪ (Personify) ਦੇਖਦੇ ਹਨ ਤਾਂ ਇਕ ਉੱਤਮ ਪੁਰਖ ਦਾ ਨਕਸ਼ਾ ਖਿਚਦੇ ਹਨ: **"ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲਮੜੇ ਵਾਲਾ ॥"**

ਸੋ ਬਹੁਤ ਸੰਭਵ ਹੋ ਜਾਂਦਾ ਹੈ ਕਿ ਲੰਮੇ ਵਾਲਾਂ ਵਾਲੇ ਦਾ ਪ੍ਰੇਮੀ ਵੀ ਲੰਮੇ ਵਾਲਾਂ ਵਾਲਾ ਹੋਵੇ। ਫਿਰ ਦੇਖੋ ਕਈ ਜਨਮ ਸਾਖੀਆਂ ਵਿਚ ਕਾਜੀ ਰੁਕਨਦੀਨ ਨਾਲ ਗੋਸ਼ਟਿ ਵੇਲੇ ਗੁਰੂ ਸਾਹਿਬ ਕੇਸਾਂ ਦੇ ਹੱਕ 'ਚ ਫਰਮਾਉਦੇ ਦੱਸੇ ਗਏ ਹਨ।

"ਸੱਚੀ ਸੁੰਨਤ ਰਬ ਦੀ ਮੁਇ (ਕੇਸ) ਲੈ ਆਇਆ ਨਾਲ। ਜੋ ਰੱਖੇ ਮੁਇ ਅਮਾਨਤੀ ਸੋ ਖਾਸਾ ਬੰਦਾ ਭਾਲ।"

ਭਾਈ ਮਨੀ ਸਿੰਘ ਵਾਲੀ ਜਨਮਸਾਖੀ ਅਨੁਸਾਰ ਭਾਈ ਮਰਦਾਨੇ ਨੂੰ ਉਪੇਦਸ਼ ਕਰਦੇ ਵਕਤ ਹਦਾਇਤ ਕੀਤੀ ਸੀ ਕਿ ਵਾਲ ਨਾ ਕੱਟੀ। ਕਿਉਂਕਿ ਉਨੀਂ ਦਿਨੀ ਭਾਰਤ ਵਿਚ ਕੇਸ ਕੱਟਣ ਦਾ ਰਿਵਾਜ ਆਮ ਨਹੀਂ ਸੀ ਤੇ ਸਿਰਫ ਮੁਸਲਮਾਨ ਹੀ ਸੁੰਨਤ ਵੇਲੇ ਜਾਂ ਤਾਂ ਪੂਰੀ ਹਜਾਮਤ ਕਰਾਉਂਦੇ ਸਨ ਜਾਂ ਫਿਰ ਮੁੱਛਾਂ ਸਾਫ ਕਰ ਦੇਂਦੇ ਸਨ। ਕਈ ਜਗ੍ਹਾ ਗੁਰੂ ਸਾਹਿਬਾਨ ਨੇ ਰੱਬ ਦੀ ਦਿਤੀ ਸੂਰਤ ਨੂੰ ਵਿਗਾੜਨ ਦੇ ਵਿਰੁੱਧ ਲਿਖਿਆ ਹੈ।

**ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥ ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥**(ਪੰਨਾ 1084)

ਫਿਰ ਇਹ ਤਾਂ ਬੜੀ ਸੁਭਾਵਕ ਗੱਲ ਹੈ ਕਿ ਦੂਸਰਾ ਨਾਨਕ ਪਹਿਲੇ ਨਾਨਕ ਵਾਂਙੂ ਹੀ ਰਹਿੰਦਾ ਸੀ। ਤੇ ਤੀਸਰੇ ਨੇ ਜੀਵਨ ਜਾਂਚ ਦੂਸਰੇ ਤੋਂ ਸਿੱਖੀ। ਫਿਰ ਦੇਖੋ- ਗੁਰੂ ਦੇ ਚਰਨ ਕੇਸਾਂ ਦੇ ਨਾਲ ਝਾੜਨ ਦੀ ਇਛਾ ਰਖਦੈ।

**ਕਰਿ ਕਿਰਪਾ ਅਪਨਾ ਦਰਸੁ ਦੀਜੈ ਜਸੁ ਗਾਵਉ ਨਿਸਿ ਅਰੁ ਭੋਰ ॥ ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥**(ਪੰਨਾ 500) **ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥ ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥**(ਪੰਨਾ 745) **ਮੇਰਾ ਮਨੁ ਸਾਧੂ ਧੂਰਿ ਰਵਾਲ ॥ ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ ਗੁਰ ਪਗ ਝਾਰਹ ਹਮ ਬਾਲ ॥** (ਪੰਨਾ 1335) **ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥ ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ ॥** (ਪੰਨਾ 810) **ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹਿ ॥ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹਿ ॥** (ਪੰਨਾ 1419) **ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥ ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ ॥** (ਪੰਨਾ 1419) **ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ ॥ ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ ਮਾਵਤ ਹੇ ॥**(822) **ਕੇਸੀ ਕੰਸ ਮਥਨੁ ਜਿਨਿ ਕੀਆ ॥ ਜੀਅ ਦਾਨੁ ਕਾਲੀ ਕਉ ਦੀਆ ॥**(874) **ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥ ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥**(969) **ਸ੍ਰੀਰੰਗ ਬੈਕੁੰਠ ਕੇ ਵਾਸੀ ॥ ਮਛੁ ਕਛੁ ਕੂਰਮੁ ਆਗਿਆ ਅਉਤਰਾਸੀ ॥ ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ ॥**(1082) **ਕਾਹੇ ਕੀਜਤੁ ਹੈ ਮਨਿ ਭਾਵਨੁ ॥ ਜਬ ਜਮੁ ਆਇ ਕੇਸ ਤੇ ਪਕਰੈ ਤਹ ਹਰਿ ਕੋ ਨਾਮੁ ਛਡਾਵਨ ॥**(1104) **ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥੧॥ ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ ॥**(1106) **ਨੈਨਹੁ ਸੰਗਿ ਸੰਤਨ ਕੀ ਸੇਵਾ ਚਰਨ ਝਾਰੀ ਕੇਸਾਇਓ ॥ਆਠ ਪਹਰ ਦਰਸਨੁ ਸੰਤਨ ਕਾ ਸੁਖੁ ਨਾਨਕ ਇਹੁ ਪਾਇਓ ॥**(1217) **ਅਨਾਥ ਨਾਥ ਗੋਬਿੰਦਹ ਬਲਹੀਣ ਬਲ ਕੇਸਵਹ ॥**(1336) **ਹਾਡ ਜਲੇ ਜੈਸੇ ਲਕਰੀ ਕਾ ਤੂਲਾ ॥ ਕੇਸ ਜਲੇ ਜੈਸੇ ਘਾਸ ਕਾ ਪੂਲਾ ॥** (ਕਬੀਰ ਪੰਨਾ 870)

ਸੋ ਲੰਮੇ ਕੇਸ ਹੋਣਗੇ ਤਾਂ ਹੀ ਆਪਣੇ ਗੁਰੂ ਦੇ ਚਰਨਾਂ ਨੂੰ ਕੇਸਾਂ ਨਾਲ ਝਾੜਿਆ ਜਾਏਗਾ। ਵਿਚਾਰਾ ਮੋਨਾ ਬੰਦਾ ਆਪਣੀ ਟਿੰਡ ਪੈਰਾਂ ਤੇ ਘਸਾ ਸਕਦੈ ਚਰਨ ਝਾੜਨ ਦੀ ਗਲ ਕਦੀ ਨਹੀ ਕਰੇਗਾ। ਨਾਲੇ ਗੁਰਮਤ ਵਿਚ ਰਜਾ ਦਾ ਬੜਾ ਵੱਡਾ ਸਵਾਲ ਹੈ ਰੱਬ ਦੀ ਹੁਕਮ ਅਦੂਲੀ ਨਹੀਂ ਕਰਨੀ।

ਫਿਰ ਦੇਖੋ ਦਸਵੇਂ ਗੁਰੂ ਨਾਨਕ ਨੇ ਵੀ ਜ਼ੋਰ ਇਸ ਗੱਲ ਤੇ ਦਿਤਾ ਕਿ ਬਾਦਸ਼ਾਹੀ ਫੁਰਮਾਨ ਦੀ ਪ੍ਰਵਾਹ ਕੀਤੇ ਬਗੈਰ ਭਾਰਤੀ ਲੋਕ ਕੇਸ ਨਾ ਕੱਟਣ। ਸਿੱਖਾਂ ਨੂੰ ਇਥੋਂ ਤੱਕ ਹਦਾਇਤ ਕੀਤੀ ਕਿ ਚਾਹੇ ਕਿਸੇ ਦਾ ਭਾਵੇ ਵਡ੍ਹੇਰਾ ਵੀ ਗੁਜਰ ਜਾਵੇ ਤਾਂ ਵੀ ਕੇਸ ਨਹੀਂ ਕੱਟਣੇ।

ਮਾਤ ਪਿਤਾ ਮਰੇ ਜੇ ਕੋਈ। ਤਉ ਭੀ ਕਰਤ ਨਾ ਭੱਦਰ ਹੋਈ।

(ਭੱਦਰ ਭਾਵ ਮੁੰਡਨ ਅਜਿਹਾ ਹੀ 1711 ਈ। ਦੀ ਲਿਖਤ ਸ੍ਰੀ ਗੁਰੂ ਸੋਭਾ ਕਵੀ ਸੈਨਾਪਤੀ ਰਚਿਤ ਪੁਸਤਕ ਵਿਚ ਦਰਜ਼ ਹੈ। (ਯਾਦ ਰਹੇ ਕਿ ਇਤਹਾਸ ਪੱਖੋਂ ਇਹ ਸਭ ਤੋਂ ਜਿਆਦਾ ਪ੍ਰਵਾਨਤ ਗ੍ਰੰਥ ਹੈ)

## ਪਰ ਕੌਣ ਕਹਿੰਦੈ ਗੁਰੂ ਕੇਸਧਾਰੀ ਨਹੀਂ ਸਨ?

ਓਧਰ ਮੁਗਲ ਸਰਕਾਰ ਹਜਾਮਤਾਂ ਕਰਨ ਤੇ ਫੁਰਮਾਨ ਜਾਰੀ ਕਰ ਰਹੀ ਸੀ ਤੇ ਗੁਰੂ ਗੋਬਿੰਦ ਸਿੰਘ ਉਲਟ ਗੱਲ ਕਹਿ ਰਹੇ ਸਨ ਇਥੋਂ ਤੱਕ ਕਿ ਮਾਤ ਪਿਤਾ ਦੇ ਚਲਾਣੇ ਤੇ ਵੀ ਭੱਦਣ (ਮੁੰਡਨ) ਨਹੀਂ ਕਰਵਾਉਣਾ। ਸ਼ਸ਼ਤਰ ਰੱਖਣੇ ਹਨ, ਘੋੜੇ ਰੱਖਣੇ ਹਨ। ਫਿਰ ਦਸਮ ਪਾਤਸ਼ਾਹ ਦਾ 1708 ਈ. ਵਿਚ ਚਲਾਣਾ ਤੇ ਫਿਰ ਜੰਗੀ ਟਕਰਾਅ ਤੇ ਪੰਜਾਬ ਵਿਚ ਖੁੱਲਮ ਖੱਲੀ ਬਗਾਵਤ। ਕੁਝ ਚਿਰ ਬੰਦਾ ਬਹਾਦਰ ਦਾ ਰਾਜ ਤੇ ਫਿਰ ਸਿੱਖਾਂ ਦਾ ਕੁਚਲੇ ਜਾਣਾ ਤੇ ਰੂਪੋਸ਼ ਹੋ ਕੇ ਰੇਗਸਤਾਨਾਂ ਜਾਂ ਪਹਾੜਾਂ 'ਚ ਚਲੇ ਜਾਣਾ ਤੇ ਸਰਕਾਰ ਵੱਲੋਂ ਸਿੱਖ ਦੇ ਸਿਰ ਦਾ ਮੁੱਲ ਰੱਖ ਦੇਣਾ।

ਉਧਰ ਬਹੁਤ ਸਾਰੇ ਵੱਡੇ ਘਰਾਣਿਆਂ ਸਰਕਾਰ ਪੱਖੀ ਸਟੈਂਡ ਲੈ ਲਿਆ ਜਿੰਨਾਂ ਦਾ ਕੇਂਦਰ ਜੰਡਿਆਲੇ ਗੁਰੂ ਦਾ ਹੰਦਾਲ ਘਰਾਣਾ ਬਣ ਜਾਂਦਾ ਹੈ (ਦੇਖੋ ਪੰਥ ਪ੍ਰਕਾਸ਼-ਰਤਨ ਸਿੰਘ ਭੰਗੂ) ਐਨ ਏਸੇ ਦੌਰ ਭਾਵ 1715 ਈ. ਤੋਂ ਬਾਅਦ ਦੇ ਸਮੇਂ ਵਿਚ ਜਨਮ ਸਾਖੀਆਂ ਦੇ ਲਿਖੇ ਜਾਣ ਜਾਂ ਨਕਲੀ ਉਤਾਰੇ ਹੋਣ ਦੀ ਲਹਿਰ ਉਤਪੰਨ ਹੁੰਦੀ ਹੈ।

ਬੜੀ ਮਜੇ ਦੀ ਗੱਲ ਹੈ ਕਿ ਉਸ ਦੌਰ ਵਿਚ ਜਿੰਨੀਆਂ ਜਨਮ ਸਾਖੀਆਂ ਉਤਪੰਨ ਹੁੰਦੀਆਂ ਹਨ ਉਨਾਂ ਤੇ ਹੰਦਾਲੀਆਂ ਦਾ ਅਸਰ ਸਪੱਸ਼ਟ ਦਿਖਾਈ ਦਿੰਦਾ ਹੈ ਜਿਵੇਂ ਬਾਲੇ ਵਾਲੀ ਜਨਮ ਸਾਖੀ ਵਿਚ ਤਾਂ ਗੁਰੂ ਨਾਨਕ ਨੂੰ ਬਾਬੇ ਹੰਦਾਲ ਤੇ ਭਗਤ ਕਬੀਰ ਤੋਂ ਛੁਟਿਆ ਕੇ ਪੇਸ਼ ਕੀਤਾ ਗਿਆ। ਗੁਰੂ ਨਾਨਕ ਤੇ ਗੁਰੂ ਅੰਗਦ ਦੀ ਸਖਸ਼ੀਅਤ ਖਿਲਾਫ ਕੋਝੀਆਂ ਕਹਾਣੀਆਂ ਘੜ ਕੇ ਪੇਸ਼ ਕੀਤੀਆਂ।

ਫਿਰ ਕਿਉਂਕਿ ਮੁਢਲੀ ਜਨਮ ਸਾਖੀ ਲਹਿੰਦੀ ਪੰਜਾਬੀ 'ਚ ਲਿਖੀ ਗਈ ਸੀ ਹਿੰਦਾਲੀ ਲੇਖਕਾਂ ਨੇ ਜਾਣ ਬੁਝ ਕੇ ਲਹਿੰਦੀ ਪੰਜਾਬੀ 'ਚ ਸਾਖੀਆਂ ਲਿਖੀਆਂ ਜਦ ਕਿ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦਾ ਕੇਂਦਰ ਕਪੂਰਥਲੇ ਦਾ ਇਲਾਕਾ ਸੀ। ਚਾਹੇ ਪੈੜੇ ਮੋਖੇ ਵਾਲੀ ਜਨਮਸਾਖੀ ਹੋਵੇ ਭਾਵੇ ਬੀ-40 ਜਨਮ ਸਾਖੀ ਲੈ ਲਓ।

ਦੁੱਖ ਦੀ ਗੱਲ ਹੈ ਕਿ ਇਹੋ ਜਨਮ ਸਾਖੀਆਂ ਹੀ ਗੁਰੂ ਨੂੰ ਕੇਸਾਂ ਬਗੈਰ ਪੇਸ਼ ਕਰਦੀਆਂ ਹਨ। ਇਨਾਂ ਵਾਰਤਾ ਦੇ ਨਾਲ ਨਾਲ ਖੂਬਸੂਰਤ ਚਿਤਰਕਾਰੀ ਵੀ ਕੀਤੀ ਹੋਈ ਹੈ। ਕਿਉਕਿ ਦਸਮ ਪਾਤਸ਼ਾਹ ਨੇ ਭੱਦਣ ਦੀ ਰਸਮ ਖਿਲਾਫ ਸਮਾਜਕ ਬਗਾਵਤ ਕੀਤੀ ਸੀ ਇਸ ਗਲ ਦਾ ਵਿਰੋਧ ਰੂੜੀਵਾਦੀਆਂ ਤਾਂ ਕਰਨਾਂ ਹੀ ਸੀ। ਇਹੋ ਕਾਰਨ ਹੈ ਉਸ ਜਮਾਨੇ ਵਿਚ ਲਿਖੀਆਂ ਗਈਆਂ ਜਨਮ ਸਾਖੀਆਂ ਵਿਚ ਗੁਰੂ ਸਾਹਿਬ ਨੂੰ ਕੇਸਾਂ ਬਗੈਰ ਦਿਖਾਇਆ ਜਾਂਦਾ ਹੈ। ਇਨਾਂ ਤਸਵੀਰਾਂ ਤੋਂ ਚਾਲ ਸਪੱਸ਼ਟ ਹੋ ਜਾਂਦੀ ਹੈ ਜਦੋਂ ਚਿਤ੍ਰਕਾਰ ਗੁਰੂ ਨਾਨਕ ਨੂੰ ਜਨੇਊ ਤੇ ਟਿੱਕੇ ਵਿਚ ਵੀ ਚਿਤਰਦਾ ਹੈ। ਜਦ ਕਿ ਗੁਰੂ ਜਨੇਊ ਦੀ ਸਪੱਸ਼ਟ ਤੌਰ ਤੇ ਵਿਰੋਧਤਾ ਕਰਦਾ ਹੈ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**(471) **ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥ ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥**(903)

ਸੋ ਕਿਤੇ ਅਗਿਆਨਤਾ ਤੇ ਕਿਤੇ ਬੇਈਮਾਨੀ ਦੀ ਵਜ੍ਹਾ ਕਰਕੇ ਗੁਰੂ ਨਾਨਕ ਦੀ ਤਸਵੀਰ ਵਿਗਾੜੀ ਗਈ ਹੈ। ਇਸ ਤੋਂ ਵੱਡਾ ਹੋਰ ਸਬੂਤ ਕੀਹ ਹੋ ਸਕਦਾ ਹੈ ਕਿ ਭਰਮ ਪੈਦਾ ਕਰਨ ਵਾਲੀ ਚਿਤਰਾਂ ਵਾਲੀਆਂ ਜਨਮ ਸਾਖੀਆਂ ਬੰਦੇ ਬਹਾਦਰ ਦੇ ਇਨਕਲਾਬ ਤੋਂ ਬਾਅਦ ਹੀ ਹੋਂਦ ਵਿਚ ਆਉਦੀਆਂ ਹਨ।

ਫਿਰ ਦੇਖੋ ਪੁਰਾਤਨ ਜਨਮ ਸਾਖੀਆਂ ਵਿਚੋ ਸੋਢੀ ਮਿਹਰਵਾਨ (ਭਤੀਜਾ ਗੁਰੂ ਅਰਜਨ ਦੇਵ)ਕ੍ਰਿਤ ਜਨਮ ਸਾਖੀ ਵਿਚ ਸਾਫ ਲਿਖਿਆ ਹੈ ਕਿ ਗੁਰੂ ਨਾਨਕ ਨੇ ਸਿੱਧ ਗੋਸਟਿ ਮੌਕੇ ਆਪਣੇ ਵਾਲ ਖਲਾਰ ਕੇ ਪਿੱਛੇ ਸੁਟ ਲਏ।

ਸੋ ਇਕ ਗੁਨਾਹਗਾਰ ਹੀ ਅਕਾਲ ਦੀ ਰਜਾ 'ਚ ਚਲਣ ਵਾਲੇ ਗੁਰੂ ਨਾਨਕ ਬਾਰੇ ਕਹਿ ਸਕਦਾ ਹੈ ਕਿ ਉਹ ਆਪਣੀ ਕੁਦਰਤੀ ਸੂਰਤ ਵਿਗਾੜਦੇ ਸਨ। ਪਰ ਫਿਰ ਵੀ, ਗੁਰੂ ਸਹਿਬ ਤੋਂ 200 ਸਾਲ ਬਾਦ ਲਿਖੀ ਗਈ ਜਨਮ ਸਾਖੀ ਤੋਂ ਸਹਾਰਾ ਲੈ ਕੇ ਅੱਜ ਕੁਝ ਲੋਕ ਸਿੱਖਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਵਿਚ ਹਨ। (ਪੰਜਾਬ ਮੋਨੀਟਰ ਰਸਾਲੇ ਵਿਚੋਂ)

ਬਾਬ- ਜੋੜ 2

# ਗੁਰੂ ਨਾਨਕ ਅਤੇ ਚਮਤਕਾਰ

ਜਸਮੀਤ

"ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ ॥
ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ ਦੁਖੁ ਸਬਾਇਆ ਲਥੁ ॥" - ਸ੍ਰੀ ਗੁਰੂ ਅਰਜਨ ਦੇਵ ਜੀ

ਗੁਰੂ ਨਾਨਕ ਜਿਸ ਅੱਗੇ ਕ੍ਰੋੜਾਂ ਲੋਕ ਝੁੱਕ ਗਏ ਸਨ, ਅੱਜ ਉਸ ਦੇ ਕੌਤਕਾਂ ਜਾਂ ਚਮਤਕਾਰਾਂ ਨੂੰ ਮੰਨਣ ਤੋਂ ਕਈ ਲੋਕ ਆਕੀ ਨੇ, ਉਹਨਾਂ ਨੂੰ ਬੇਨਤੀ ਹੈ ਕਿ ਗੁਰੂ ਸਾਹਿਬ ਤਾਂ ਬਹੁਤ ਦੂਰ ਦੀ ਗਲ ਹੈ, ਤੁਸੀ ਕਿਰਪਾ ਕਰਕੇ ਹੇਠ ਦਿਤੇ ਜ਼ਿੰਦਾ ਮਾਮਲਿਆਂ ਦੇ ਕਾਰਨ ਹੀ ਲੱਭ ਕੇ ਜੇ ਸਮਾਜ ਦੇ ਗਿਆਨ ਵਿਚ ਵਾਧਾ ਕਰ ਦਿਓ ਤਾਂ ਤੁਹਾਡੀ ਵੱਡੀ ਸੇਵਾ ਹੋਵੇਗੀ

ਗੁਰੂ ਨਾਨਕ ਦਾ ਜੀਵਨ ਹੈ ਹੀ ਨਿਰੇ ਕੌਤਕ। ਕਦੀ ਉਜੜਿਆ ਖੇਤ ਸਾਬਤ ਹੋ ਜਾਂਦਾ ਹੈ। ਕਦੀ ਰੁੱਖ ਦੀ ਛਾਂ ਖਲੋ ਜਾਂਦੀ ਹੈ। ਤੇਰਾ ਤੇਰਾ ਤੋਲਣ ਵਾਲੇ ਦਾ ਜਦੋਂ ਹਿਸਾਬ ਹੁੰਦਾ ਹੈ ਤਾਂ ਉਲਟੇ ਪੈਸੇ ਗੁਰੂ ਦੇ ਵਧਦੇ ਨੇ। ਸੱਜਣ ਠੱਗ ਦੇ ਘੇਰੇ 'ਚੋਂ ਨਿਰੇ ਸਾਬਤ ਹੀ ਨਹੀ ਨਿਕਲਦੇ ਉਨੂੰ ਆਪਨਾ ਸਿੱਖ ਵੀ ਬਣਾ ਦਿੰਦੇ ਨੇ। ਕਦੀ ਜਾਲਮ ਮਲਿਕ ਭਾਗੋ ਦੇ ਪੂੜਿਆਂ ਵਿਚੋਂ ਲਹੂ ਸਿੰਮਦਾ ਹੈ। ਬਾਬਾ ਸੈਕੜੇ ਥਾਵੇ ਤੇ ਚਸ਼ਮੇ ਜਾਰੀ ਕਰਦਾ ਹੈ। ਬਾਦਸ਼ਾਹ ਸਿਕੰਦਰ ਲੋਧੀ ਦਾ ਹਾਥੀ ਜਿਵਾਉਣ ਉਪਰੰਤ ਉਹਦੇ ਮੂੰਹ ਤੇ ਕਹਿ ਦਿੰਦਾ ਵਾ ਕਿ 'ਤੇਰਾ ਇਹ ਦਾਨ ਪੁੰਨ ਨਿਰਾ ਫਰੇਬ ਹੈ'। ਉਹ ਰਾਖਸ਼ਾਂ ਦੇ ਦੇਸ ਵਿਚ ਬੇਖੌਫ ਹੋ ਫਿਰਦਾ ਹੈ। ਮੱਕੇ ਮਦੀਨੇ ਗੈਰ ਮੁਸਲਮਾਨ ਦਾ ਜਾਣਾ ਮਨਾ ਹੁੰਦਾ ਹੈ ਉਹ ਨਿਧੱੜਕ ਪਹੁੰਚ ਸੱਚ ਧਰਮ ਦਾ ਉਪਦੇਸ਼ ਦਿੰਦਾ ਹੈ। ਕਦੀ ਸਮੁੰਦਰਾਂ ਤੇ ਤੁਰਦਾ ਹੈ ਕਦੀ ਸੁਰਤ ਨਾਲ ਹਜਾਰਾਂ ਕੋਹਾਂ ਦਾ ਪੈਂਡਾ ਪਲ ਵਿਚ ਤਹਿ ਕਰ ਦਿੰਦਾ ਹੈ।

ਇਹਦੇ ਬਾਵਜੂਦ ਗੁਰੂ ਨਾਨਕ ਤੇ ਲਿਖਦਿਆਂ ਪੜ੍ਹਦਿਆਂ ਅਸਾਂ ਵੇਖਿਆ ਕਿ ਅਜੋਕੇ ਜਮਾਨੇ ਵਿਚ ਗੁਰੂ ਜੀ ਤੇ ਬਹੁਤੀਆਂ ਲਿਖਤਾਂ ਨਾਸਤਕ ਲੋਕਾਂ ਨੇ ਹੀ ਲਿਖੀਆਂ ਹਨ। ਲਗਪਗ 80 ਕੁ ਸਾਲ ਪਹਿਲਾਂ ਪੰਜਾਬ ਤੇ ਕਮਿਊਨਿਜਮ ਦਾ ਹਮਲਾ ਹੋਣਾ ਸ਼ੁਰੂ ਹੋਇਆ ਸੀ। 40 ਕੁ ਸਾਲਾਂ ਵਿਚ ਇਸ ਪਦਾਰਥਵਾਦ ਨੇ ਪੰਜਾਬ ਦਾ ਬੁਧੀਜੀਵੀ ਪੂਰੀ ਤਰਾਂ ਕਲਾਵੇ ਵਿਚ ਲੈ ਲਿਆ।

ਜਦੋਂ ਪੰਜਾਬ ਤੇ ਨਾਸਤਕਵਾਦ ਦਾ ਹਮਲਾ ਜੋਰਾਂ ਤੇ ਸੀ ਤਾਂ ਲਗ ਪਗ ਇਹਨਾਂ ਹੀ ਦਿਨਾਂ ਵਿਚ ਮੈਕਲੋਡ ਜਿਹੇ ਈਸਾਈ ਮਿਸ਼ਨਰੀਆਂ ਨੇ ਆ ਪੰਜਾਬ ਡੇਰੇ ਲਾਏ। ਮਿਸ਼ਨਰੀਆਂ ਨੇ ਇਥੋਂ ਦਾ ਮਹੌਲ ਭਾਪ ਕੇ ਜਨਮਸਾਖੀਆਂ ਵਿਚ ਜਿਹੜਾ ਚਮਤਕਾਰ ਪੱਖ ਸੀ ਉਸ ਨੂੰ ਨਿਸ਼ਾਨਾ ਬਣਾ ਲਿਆ।

ਫਿਰ ਕੀ ਸੀ, ਇਸ ਖਿਤੇ ਵਿਚ ਕੰਮ ਕਰਨ ਵਾਲੇ ਵਿਦਵਾਨ ਪੱਬਾਂ ਭਾਰ ਹੋ ਮਕਲੋਡ ਜਿਹਾ ਮੂਹਰੇ ਹੋ ਤੁਰੇ। ਇਹਨਾਂ ਕਾਮਰੇਡਾਂ ਨੇ ਮੈਕਲੋਡ ਨੂੰ ਇਕ ਛੋਟਾ ਜਿਹਾ ਸਵਾਲ ਪੁੱਛਣ ਦੀ ਵੀ ਖੇਚਲ ਨਾਂ ਕੀਤੀ ਕਿ "ਜਨਾਬ ਇਸ ਬਾਰੇ ਤੁਹਾਡਾ ਕੀ ਵਿਚਾਰ ਹੈ ਜਿਹੜਾ ਈਸਾਈ ਕਹਿੰਦੇ ਨੇ ਕਿ ਜੀਸਸ ਕੁਵਾਰੀ ਦੀ ਕੁੱਖੋ ਪੈਦਾ ਹੋਇਆ ਸੀ?" ਪੰਜਾਬ ਦੁਸ਼ਮਣ ਇਹਨਾਂ ਲਿਖਾਰੀਆਂ ਨੇ ਇਹ ਵੀ ਸਮਝਣ ਦੀ ਕੋਸ਼ਿਸ਼ ਨਾਂ ਕੀਤੀ ਕਿ ਅਗਲਾ ਈਸਾਈ ਮਿਸ਼ਨਰੀ ਹੈ।

ਨਤੀਜਾ ਕੀ ਨਿਕਲਿਆ ਕਿ ਜਿਹੜਾ ਕੰਮ ਵਿਰੋਧੀ ਨੇ ਕਰਨਾਂ ਸੀ ਉਹ ਸਾਡੇ ਆਪਣਿਆਂ ਨੇ ਕੀਤਾ। ਉਹ ਵੀ ਧਰਮ ਦਾ ਮਖੌਟਾ ਪਾ ਕੇ, ਲੰਮੇ ਲੰਮੇ ਦਾਹੜੇ ਰੱਖ ਕੇ।



ਕੋਸਟਾ ਰੀਕਾ ਦੇ ਉਹ ਕੌਣ ਲੋਕ ਸਨ ਜੋ ਦੋ ਦੋ ਮੀਟਰ ਵਿਆਸ ਅਤੇ 15-15 ਟੰਨ ਭਾਰੇ ਪੱਥਰਾਂ ਦੇ ਗੋਲੇ ਬਣਾਇਆ ਕਰਦੇ ਸਨ। ਉਹਨਾਂ ਕੋਲ ਕਿਹੜੀ ਸਾਇੰਸ ਸੀ ਜਿਸ ਨਾਲ ਉਹ ਪੱਥਰ ਨੂੰ ਇਉ ਚੁੱਕੀ ਫਿਰਦੇ ਸਨ ਜਿਵੇ ਰੂੰ? ਉਹ ਸਭਿੱਅਤਾ ਕਿਥੇ ਗਈ?

ਅੱਜ ਸਕੂਲਾਂ ਕਾਲਜਾਂ ਵਿਚ ਪਦਾਰਥਵਾਦ ਹੀ ਪੜ੍ਹਾਇਆ ਲਿਖਾਇਆ ਜਾ ਰਿਹਾ ਹੈ। ਨਾਸਤਕਵਾਦ ਦੀ ਇਹ ਭਰਪੂਰ ਫਸਲ ਹੁਣ ਪੱਕਣੀ ਸ਼ੁਰੂ ਹੋ ਗਈ ਹੈ। ਜਿਸਦੇ ਨਤੀਜੇ ਸਮਾਜ ਨੇ ਭੁਗਤਣੇ ਸ਼ੁਰੂ ਕਰ ਦਿੱਤੇ ਹਨ। ਮਿਸਾਲ ਦੇ ਤੌਰ ਤੇ ਪੰਜਾਬ ਵਿਚ ਬੱਚਿਆਂ ਦੀ ਗਿਣਤੀ ਖਤਰਨਾਕ ਦਰ ਨਾਲ ਘਟੀ ਹੈ। ਉਹ ਪੰਜਾਬੀ ਕੌਮ ਜੋ ਦੁਨੀਆਂ ਭਰ ਵਿਚ ਸੂਰਬੀਰ ਗਿਣੀ ਗਈ ਸੀ ਅੱਜ ਖੁਦਕਸ਼ੀਆਂ ਦੇ ਰਾਹ ਤੇ ਹੈ। ਨਸ਼ੇ ਨੇ ਪੰਜਾਬ ਨੂੰ ਅਧਮੋਇਆਂ ਕਰ ਦਿੱਤਾ ਹੈ। ਪੰਜਾਬ ਸਰਕਾਰ ਦੀ ਕੁਲ ਟੈਕਸ ਆਮਦਨ ਵਿਚੋਂ ਤੀਸਰਾ ਹਿੱਸਾ ਐਕਸਾਈਜ (ਸ਼ਰਾਬ ਤੇ ਟੈਕਸ) ਤੋਂ ਹੈ।



ਲੰਡਣ- ਹਜ਼ਾਰਾਂ ਲੱਖਾਂ ਲੋਕਾਂ ਦੇ ਸਾਹਮਣੇ ਜਦੋਂ ਜਾਦੂਗਰ ਡਾਇਨਮੋ ਹਵਾ ਵਿਚ ਉਪਰ ਉਠ ਗਇਆ।

ਰਿਸ਼ਵਤਖੋਰੀ ਜੋਰਾਂ ਤੇ ਹੈ। ਪਦਾਰਥਵਾਦੀ ਦੌੜ ਇਸ ਹੱਦ ਤਕ ਪਹੁੰਚ ਗਈ ਹੈ ਕਿ ਪੰਜਾਬ ਵਿਚ ਡੰਗਰ ਘੱਟਣ ਦੇ ਬਾਵਜੂਦ ਦੁੱਧ ਦੀ ਮਾਤਰਾ ਵਧੀ ਹੈ। ਪਦਾਰਥਵਾਦ ਕਿਉਕਿ ਸੱਚ, ਨਿਮਰਤਾ, ਦਿਆ ਧਰਮ ਤੇ ਭਾਰੂ ਹੋ ਜਾਂਦਾ ਹੈ ਜਿਸ ਕਾਰਨ ਪੰਜਾਬ ਵਿਚ ਫੁਕਰਾਪਣ ਅੱਜ ਸਿਖਰ ਤੇ ਹੈ। ਮਿਸਾਲ ਦੇ ਤੌਰ ਤੇ ਬਿਹਾਰ ਯੂਪੀ ਤੋਂ ਆ ਕੇ ਗਰੀਬ ਬਈਆ ਮਾਲਾਮਾਲ ਹੋ ਜਾਂਦਾ ਹੈ ਜਦੋਂ ਕਿ ਪੰਜਾਬੀ ਨੌਜਵਾਨ ਨੂੰ ਇਥੇ ਰੁਜਗਾਰ ਨਜਰ ਨਹੀ ਆਉਦਾ। ਸਾਡੇ ਤਜਰੱਬੇ ਵਿਚ ਇਕ ਅਲੌਕਿਕ ਕੇਸ ਸਾਹਮਣੇ ਆਇਆ। ਪ੍ਰਾਈਵੇਟ ਸਕੂਲ ਵਿਚ ਇਕ ਅਧਿਆਪਕਾ 4000 ਰੁਪਏ ਮਹੀਨੇ ਤੇ ਕੰਮ ਕਰ ਰਹੀ ਸੀ ਤੇ ਘਰ ਵਿਚ ਪੋਠੇ ਦੱਥੇ ਲਈ 6000 ਰੁਪਏ ਮਹੀਨੇ ਤੇ ਬਈਆ ਰੱਖਿਆ ਹੋਇਆ ਸੀ। ਸਾਨੂੰ ਪਤਾ ਲੱਗਾ ਇਕ ਇਹ ਵਰਤਾਰਾ ਤਾਂ ਆਮ ਹੈ।

ਜਿਥੋਂ ਤਕ ਹਕੂਮਤ ਦਾ ਸਵਾਲ ਹੈ ਸਰਕਾਰਾਂ ਨੇ ਇਸ ਵਰਤਾਰੇ ਨੂੰ ਉਤਸ਼ਾਹ ਦਿੱਤਾ ਹੈ। ਜਿਥੋਂ ਤਕ ਪੰਜਾਬ ਦਾ ਸਬੰਧ ਹੈ ਸੈਕੂਲਰਇਜਮ ਦੇ ਮਾਇਨੇ 'ਧਰਮ ਵਿਰੋਧੀ' ਹਨ ਜਦੋਂ ਕਿ ਬਾਕੀ ਸੂਬਿਆਂ ਵਿਚ ਅਰਥ 'ਧਰਮ ਨਿਰਪੱਖ' ਹੈ।

ਇਹ ਸਾਨੂੰ ਸਾਬਤ ਕਰਨ ਦੀ ਜਰੂਰਤ ਹੀ ਨਹੀ ਰਹਿ ਗਈ ਕਿ ਪੰਜਾਬ ਦੀ ਸਿਖਿਆ ਨਾਸਤਕਵਾਦ ਪੜਾਉਦੀ ਹੈ ਅਤੇ ਅਸੂਲ ਹੈ ਕਿ ਭੜਕਾਇਆਂ ਅਤੇ ਪੜਾਇਆਂ ਤਾਂ ਪੱਥਰ ਵੀ ਪਾਟ ਜਾਂਦੇ ਨੇ।

ਪੰਜਾਬ ਵਿਚ ਇਹ ਸੋਚ ਉਸ ਵੇਲੇ ਵੀ ਭਾਰੂ ਹੈ ਆਰਥਿਕਤਾ ਦੇ ਮੁੱਦੇ ਤੇ ਆ ਕੇ ਨਾਸਤਕਵਾਦ ਨੇ ਹਾਰ ਮੰਨ ਲਈ ਹੈ। ਰੂਸ 'ਚ ਪੂਰੀ ਤਰਾਂ ਹੱਥ ਹੀ ਖੜੇ ਕਰੇ ਤੇ ਚੀਨ ਵਿਚ ਨਾਸਤਕਵਾਦ ਮੰਨ ਗਇਆ ਕਿ ਪੈਦਾਵਾਰ ਦੇ ਸਾਧਨਾਂ ਤੇ ਰਾਜ ਦਾ ਕੰਟਰੋਲ ਖਤਰਨਾਕ ਹੁੰਦਾ ਹੈ। ਜਰੂਰਤ ਅਨੁਸਾਰ ਇਹ ਮੰਡੀ ਤਹਿ ਕਰਦੀ ਹੈ ਕਿਸੇ ਚੀਜ਼ ਦੀ ਕਿੰਨੀ ਉਪਜ ਹੋਣ ਹੈ ਇਸ ਦਾ ਭਾਅ ਕੀ ਰਹੇਗਾ।

ਖੁਸ਼ਕਿਸਮਤੀ ਨਾਲ ਅੱਜ ਸਾਇੰਸ ਮੰਨ ਗਈ ਹੈ ਕਿ ਪਦਾਰਥ ਨੂੰ ਤਾਕਤ (Energy) ਵਿਚ ਬਦਲਿਆ ਜਾ ਸਕਦਾ ਹੈ।

ਜਦੋਂ ਕਿ ਬਚਪਨ ਵਿਚ ਹੀ ਸਾਨੂੰ ਪੜ੍ਹਾਇਆ ਗਇਆ ਸੀ (Chemical indestructibily of matter) ਕਿ ਪਦਾਰਥ ਕਦੀ ਨਸ਼ਟ ਨਹੀ ਹੁੰਦਾ ਅਤੇ ਨਾਂ ਹੀ ਇਸ ਨੂੰ ਪੈਦਾ ਕੀਤਾ ਜਾ ਸਕਦਾ ਹੈ। ਇਹ ਤਾਂ ਸਿਰਫ ਰੂਪ ਬਦਲਦਾ ਹੈ। (ਬਰਫ ਗਰਮ ਹੋਣ ਤੇ ਪਾਣੀ ਬਣ ਜਾਂਦੀ ਹੈ ਤੇ ਹੋਰ ਗਰਮੀ ਮਿਲਣ ਨਾਲ ਪਾਣੀ ਭਾਫ ਭਾਵ ਗੈਸ ਭਾਵ ਅਦਿਖ ਰੂਪ। ਫਿਰ ਓਸੇ ਭਾਪ ਨੂੰ ਠੰਡਾ ਕਰੋ ਤੇ ਉਹ ਪਾਣੀ ਬਣ ਜਾਂਦੀ ਹੈ ਹੋਰ ਠੰਡਾ ਕਰਨ ਤੇ ਬਰਫ। ਇਸ ਪ੍ਰਕਾਰ ਪਦਾਰਥ ਮਰਦਾ ਨਹੀ ਰੂਪ ਬਦਲ ਜਾਂਦਾ ਹੈ। ਇਹ ਪੜ੍ਹਾਇਆ ਜਾਂਦਾ ਸੀ।)

-----◆-----

ਇਨਸਾਨ ਦੀ ਸਭ ਤੋਂ ਵੱਡੀ ਦਿੱਕਤ ਹੈ ਕਿ ਉਹ ਸਮਝਦਾ ਹੈ ਕਿ ਜਿੰਨੀ ਕੁ ਉਸ ਦੀ ਸਮਰੱਥਾ ਹੈ ਬਾਕੀ ਬੰਦਿਆਂ ਦੀ ਵੀ ਓਨੀ ਹੀ ਹੈ। ਉਹਨੂੰ ਨਹੀ ਪਤਾ ਕਿ ਕਈ ਇਹੋ ਜਿਹੇ ਬੰਦੇ ਵੀ ਹੈਗੇ ਨੇ ਜਿਹੜੇ 400 ਵੋਲਟ ਬਿਜਲੀ ਦਾ ਕਰੰਟ ਵੀ ਬਰਦਾਸ਼ਤ ਕਰ ਲੈਂਦੇ ਨੇ। ਫਿਰ ਕੁਝ ਅਜਿਹੇ ਵੀ ਨੇ ਜਿਹੜੇ ਅੱਧਾ ਅੱਧਾ ਘੰਟਾ ਬਰਫ ਵਿਚ ਰਹਿ ਕੇ ਵੀ ਨੌ ਬਰ ਨੌ ਰਹਿੰਦੇ ਨੇ।

# ਕਿਵੇਂ ਢੋਏ ਸਨ 1000 ਸਾਲ ਪਹਿਲਾਂ ਲੱਖ ਲੱਖ ਟੰਨ ਭਾਰੇ ਪੱਥਰ?



ਇਕ ਦਿਨ ਅਸੀ ਕਿਤੇ ਦੱਸ ਰਹੇ ਸੀ ਕਿ ਕਈ ਬੰਦੇ ਇਹੋ ਜਿਹੇ ਵੀ ਨੇ ਜਿਹੜੇ ਅੱਖਾਂ ਬੰਨ ਕੇ ਕਾਰ ਵੀ ਚਲਾ ਲੈਂਦੇ ਹਨ। ਇਸ ਗਲ ਤੇ ਝੱਟ ਸਾਨੂੰ ਟੋਕ ਦਿੱਤਾ ਗਿਆ। ਅਖੇ ਜੀ ਇਹ ਚਲਾਕੀ ਹੁੰਦੀ ਹੈ। ਅਸਾਂ ਫਿਰ ਬੇਨਤੀ ਕੀਤੀ ਕਿ ਚਮਗਿੱਦੜ ਦੀਆਂ ਤਾਂ ਅੱਖਾਂ ਹੁੰਦੀਆਂ ਹੀ ਨਹੀ। ਬਾਵਜੂਦ ਉਹ ਤਾਂ ਬੜਾ ਤੇਜ ਉੱਡਦਾ ਹੈ। ਉਹਦੇ ਕੋਲ ਕਿਹੜਾ ਜੀ ਪੀ ਐਸ ਹੁੰਦਾ ਹੈ?

ਸਾਡਾ ਕਹਿਣ ਤੋਂ ਮਤਲਬ ਹੈ ਦੁਨੀਆ ਪਰੇ ਤੋਂ ਪਰੇ ਹੈ। ਜਰੂਰੀ ਨਹੀ ਕਿ ਜੋ ਸਾਨੂੰ ਦਿੱਸ ਰਿਹਾ ਹੈ ਉਹਦੇ ਤੋਂ ਇਲਾਵਾ ਹੋਰ ਕੁਝ ਹੈ ਹੀ ਨਹੀ। ਤਾਂ ਹੀ ਤਾਂ ਗੁਰੂ ਸਾਹਿਬ ਨੇ ਲਿਖਿਆ ਹੈ, " **ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥**" ਸੋ ਸੋਚਣਾ ਸ਼ੁਰੂ ਕਰੋਗੇ ਤਾਂ ਵਿਸ਼ਾਲਤਾ ਹੋਰ ਵਧਦੀ ਜਾਂਦੀ ਹੈ। ਮੁਕਦੀ ਗਲ ਗੁਰੂ ਸਾਹਿਬ ਨੇ ਕਹਿ ਦਿੱਤਾ ਹੈ ਕਿ ਜੇ ਬੰਦਾ ਸਚ ਮੁੱਚ ਸ੍ਰਿਸ਼ਟੀ ਦੇ ਰਚਨਹਾਰ ਤੁਲ ਹੋ ਜਾਏ ਤਾਂ ਹੀ ਇਸ ਨੂੰ ਸਮਝ ਸਕਦਾ ਹੈ, "**ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ ॥**


ਇਲੈਕਟ੍ਰਿਕ ਮੋਹਨ

ਸੋ ਵੀਰੋ ਤੋਂ ਭੈਣੋਂ ਦੁਨੀਆਂ ਉਸ ਤੋਂ ਕਿਤੇ ਪਰੇ ਵੀ ਹੈਗੀ ਆ ਜਿੰਨੀ ਕੁ ਤੁਸੀ ਸਮਝਦੇ ਹੋ।

ਤੁਸੀ ਇਹ ਤਾਂ ਕਹਿ ਸਕਦੇ ਹੋ ਕਿ ਬਾਬਾ ਮਦੀਨੇ ਤੋਂ ਅੱਖ ਦੇ ਪਲਕਾਰੇ ਨਾਲ ਸੁਲਤਾਨਪੁਰ ਲੋਧੀ ਕਿਵੇ ਪਹੁੰਚ ਗਿਆ? ਪਰ ਤੁਹਾਨੂੰ ਇਹ ਹੱਕ ਹਾਸਲ ਨਹੀ ਕਿ ਤੁਸੀ ਕਹਿ ਦਿਓ ਕਿ ਜੀ ਇਹ ਸੰਭਵ ਹੀ ਨਹੀ।



ਫਿਰ ਵੀ ਜੇ ਸਮਝਦੇ ਹੋ ਕਿ ਇਹ ਸੰਭਵ ਨਹੀ ਤਾਂ ਹੇਠਾਂ ਅਸੀ ਕੁਝ ਇਕ ਉਦਾਹਰਣਾਂ ਦੇ ਰਹੇ ਹਾਂ ਪਹਿਲਾਂ ਇਹਨਾਂ ਨੂੰ ਸੁਲਝਾ ਲਓ ਫਿਰ ਬਾਬੇ ਨਾਨਕ ਤੇ ਸਵਾਲ ਕਰਨਾਂ:

◉ ਸਿਰਫ ਏਨਾ ਹੀ ਨਹੀ ਜਦੋ ਇਹ ਲਿਖਾਰੀ ਇਹ ਸਤਰਾਂ ਲਿਖਣ ਬਾਰੇ ਸੋਚ ਰਿਹਾ ਸੀ ਤਾਂ ਡਿਸਕਵਰੀ ਚੈਨਲ ਦੀ ਇੱਕ ਵੀਡਿਓ ਵੇਖਣ ਦਾ ਮੌਕਾ ਮਿਲ ਗਇਆ ਜਿਸ ਵਿਚ ਇੱਕ ਕੁੜੀ ਦੇ ਦਿੱਲ ਦਾ ਆਪ੍ਰੇਸ਼ਨ ਸਾਈਬੇਰੀਆ (ਰੂਸ) ਵਿਚ ਕੀਤਾ ਜਾਣਾ ਹੈ। ਕੁੜੀ ਨੂੰ ਪਹਿਲਾਂ ਬਰਫ ਵਿਚ ਦੱਬ ਕੇ ਮਾਰ ਦਿੱਤਾ ਜਾਂਦਾ ਹੈ। ਫਿਰ ਉਹਦੀ ਛਾਤੀ ਖੋਲੀ ਜਾਂਦੀ ਹੈ, ਸਰਜਰੀ ਕੀਤੀ ਜਾਂਦੀ ਹੈ ਤੇ ਫਿਰ ਨਿੱਗਾ ਪਾਣੀ ਪਾ ਕੇ ਕੁੜੀ ਦਾ ਸਾਹ ਦੁਬਾਰਾ ਚਲਾ ਦਿੱਤਾ ਜਾਂਦਾ ਹੈ।

◉ ਸਿਰਫ ਏਨਾ ਹੀ ਨਹੀ ਜਾਦੂ ਦੇ ਮਸਲੇ ਤੇ ਆ ਕੇ ਤਾਂ ਕਮਾਲ ਹੀ ਹੋ ਜਾਂਦੀ ਹੈ। ਕਿਹੜੇ ਕਿਹੜੇ ਪਦਾਰਥ ਗਾਇਬ ਤੇ ਪ੍ਰਗਟ ਹੁੰਦਿਆਂ ਦੀ ਗਲ ਲਿਖਾਂ? ਲੰਡਨ ਦੇ ਨਿਵਾਸੀ ਹੈਰਾਨ ਪ੍ਰੇਸ਼ਾਨ ਹੋ ਜਾਂਦੇ ਨੇ ਜਦੋਂ 'ਡਾਇਨਮੋ' ਨਾਂ ਦਾ ਜਾਦੂਗਰ ਲੰਡਣ ਦੀ ਥੇਮਜ ਨਦੀ ਉਤੇ ਤੁਰਨਾ ਸ਼ੁਰੂ ਕਰ ਦਿੰਦਾ ਹੈ। ਹਾਂ ਤੁਸੀ ਇਸ ਨੂੰ ਨਜਰ ਦਾ ਧੋਖਾ ਕਹਿ ਸਕਦੇ ਹੋ। ਪਰ ਕੈਮਰੇ ਵੀ ਧੋਖਾ ਖਾ ਗਏ? ਪਰ ਇਹ ਕੌਤਕ ਲੱਖਾਂ ਲੋਕਾਂ ਵੇਖਿਆ।

◉ ਏਸੇ ਤਰਾਂ ਇਹ ਜਾਦੂਗਰ ਵੱਡੇ ਸਾਰੇ ਟੈਂਕ ਦੇ ਪਾਣੀ ਨੂੰ ਹੱਥ ਨਾਲ ਛੂਹ ਕੇ ਸਾਰਾ ਹੀ ਜੰਮਾ ਦਿੰਦਾ ਹੈ। ਇੱਕ ਜਾਦੂ ਤਾਂ ਆਪਾਂ ਆਮ ਭਾਰਤ ਵਿਚ ਵੀ ਵੇਖਦੇ ਹਾਂ ਕਿ ਸਿੱਕੇ ਕਿਸੇ ਦੇ ਹੱਥ ਵਿਚ ਹੁੰਦੇ ਨੇ ਤੇ ਜਾਦੂਗਰ ਕਿਸੇ ਦੂਸਰੇ ਦੇ ਹੱਥ ਵਿਚੋਂ ਲੱਭ ਲੈਂਦਾ ਹੈ। ਕਦੀ ਯੂਰੀ ਜੈਲਰ ਨਾਂ ਦਾ ਜਾਦੂਗਰ ਨਜਰ ਨਾਲ ਹੀ ਚਿਮਚੇ ਕੜਛੀਆਂ ਦੂਹਰੇ ਕਰ ਦਿੰਦਾ ਹੈ।

◉ ਤੇ ਹੋਰ ਲਓ! ਪੀਰੂ (ਦੱਖਣੀ ਅਮਰੀਕਾ) ਦੇ ਇੰਕਾ ਸਭਿਅਤਾ ਦੇ ਕਾਰਨਾਮਿਆਂ ਦਾ ਤਾਂ ਕਹਿਣਾ ਹੀ। 60,000 ਟਨ ਤੱਕ ਭਾਰੇ ਪੱਥਰ ਨੂੰ ਦੂਰ ਸਮੁੰਦਰ ਕਿਨਾਰੇ ਤੱਕ ਲੈ ਜਾਂਦੇ ਨੇ। ਬੋਲੀਵੀਆ ਦੇ ਇੰਕੇ ਪੱਥਰ ਨੂੰ ਇਸ ਤਰਾਂ ਵਰਤਦੇ ਸਨ ਜਿਵੇ ਰੂੰ ਨੂੰ। ਸੈਕੜੇ ਟੰਨ ਭਾਰੇ ਪੱਥਰ ਨੂੰ ਜਿੱਥੇ ਮਰਜੀ ਚੁੱਕੀ ਫਿਰਦੇ ਸਨ। ਫਿਰ ਇਨਾਂ ਦੀ ਕਟਾਈ ਵੀ ਇਸ ਤਰਾਂ ਕੀਤੀ ਹੋਈ ਹੈ ਜਿਵੇ ਮੱਖਣ ਥਾਂਣੀ ਵਾਲ ਕੱਢੀਦਾ। ਕਿ ਉਹ


ਹਜ਼ਾਰਾਂ ਸ਼ਾਹਰੁਕਾਂ (ਗੱਟਾਰਾਂ) ਅਤੇ ਹੋਰ ਪੰਛੀਆਂ ਦਾ ਇਕੱਠਿਆਂ ਇਕ ਪਲ ਵਿਚ ਜਮੀਨ ਤੇ ਆ ਡਿੱਗਣਾ।

ਪੱਥਰਾਂ ਨੂੰ ਕਿਵੇ ਵੱਢਦੇ ਸਨ ਸਾਇੰਸਦਾਨ ਹੈਰਾਨ ਹਨ? ਹੋ ਸਕਦਾ ਪੰਜਾਬ ਦਾ ਨਾਸਤਕ ਵੀਰ ਇਸ ਦਾ ਜਵਾਬ ਦੇ ਦੇਵੇ।

◉ ਕਈ ਇਹੋ ਜਿਹੇ ਵੀ ਲੋਕ ਨੇ ਜਿਹੜੇ 440 ਵੋਲਟ ਬਿਜਲੀ ਦਾ ਝਟਕਾ ਸਹਿਜੇ ਹੀ ਸਹਾਰ ਲੈਂਦੇ ਨੇ। ਜੇ ਨਹੀ ਭਰੋਸਾ ਤਾਂ ਕੇਰਲਾ ਦੇ ਕੋਲਮ ਜਿਲੇ ਦੇ ਸ਼ਕਤੀਕੁਲਾਨਗਾਰਾ ਦੇ ਰਾਜ ਮੋਹਨ ਨਾਇਰ ਜਿਨੂੰ ਲੋਕ ਇਲੈਕਟ੍ਰਿਕ ਮੋਹਨ ਕਹਿੰਦੇ ਨੇ ਓਨੂੰ ਜਾ ਕੇ ਮਿਲ ਕੇ ਵੇਖ ਲਓ। ਜਿਹਦਾ ਚਮਤਕਾਰਾਂ ਤੇ ਭਰੋਸਾ ਨਹੀ ਉਹ ਓਨੀ ਵੋਲਟੇਜ ਦਾ ਕੰਡਕਟਰ ਬਣ ਕੇ ਵੇਖ ਲਵੇ ਜਿੰਨੀ ਰਾਜ ਮੋਹਨ ਬਰਦਾਸ਼ਤ ਕਰਦਾ ਵਾ। (ਯੂਟਿਊਬ ਤੋਂ ਖੋਜ ਲਓ: Electricity High Voltage Human Conductor from India) ਅਜਿਹੀਆਂ ਸੁਪਰ ਹਿਊਨ ਮਿਸਾਲਾਂ ਇਕ ਨਹੀ ਸੈਕੜੇ ਹਜਾਰਾਂ ਹਨ। ਡਿਸਕਵਰੀ ਚੈਨਲ ਤੇ ਤਾਂ ਲਗਾਤਾਰ ਅਜਿਹੀਆਂ ਲੜੀਆਂ ਹੀ ਚਲਦੀਆਂ ਰਹਿੰਦੀਆਂ ਹਨ।

◉ ਕਈ ਇਨਸਾਨ ਸਰੀਰ ਨੂੰ ਚੁੰਬਕ ਬਣਾ ਲੈਂਦੇ ਨੇ ਤੇ ਹਰ ਚੀਜ਼ ਓਨਾਂ ਦੇ ਜਿਸਮ ਨਾਲ ਚੰਬੜਦੀ ਜਾਂਦੀ ਹੈ; ਹਥੌੜੇ, ਕੁਹਾੜੀਆਂ, ਸੰਨੀਆਂ ਜਾਂ ਹੋਰ ਕੋਈ ਵੀ ਚੀਜ਼ ਦਾ ਨਾਂ ਲੈ ਲਓ। ਆਹ ਵੀਡੀਓ ਸਾਨੂੰ ਮਿਲੀ ਹੈ ਜਿਸ ਵਿਚ ਇੱਕ ਭਾਈ ਦੀ ਛਾਤੀ ਨਾਲ ਕਿੱਲ ਇਉ ਚਿੰਬੜਦੇ ਹਨ ਜਿਵੇ ਕੋਈ ਚੁੰਬਕ ਹੋਵੇ। ਮਿਲੋ ਅਰੁਨ ਰਾਇਕਵਾੜ ਕਵਾੜੀਏ ਨੂੰ ਪਿੰਡ ਠਾਨਾ ਜਿਲਾ ਸਾਗਰ ਮੱਧ ਪ੍ਰਦੇਸ (ਯੂਟਿਊਬ ਤੋਂ ਖੋਜ ਲਓ: Indian Magnetic Man)

◉ (ਅਸੀ ਚਮਤਕਾਰਾਂ ਦੀ ਗਲ ਪੜ੍ਹ ਰਹੇ ਸੀ ਤੇ ਇੱਕ ਗਲ ਹੋਰ ਪੜੀ ਕਿ ਗਾਈਆਂ ਜਦੋਂ ਵੀ ਚੁਗਦੀਆਂ ਹਨ ਉਨਾਂ ਦਾ ਮੂੰਹ ਜਾਂ ਤਾਂ ਪਹਾੜ ਪਾਸੇ ਹੁੰਦਾ ਹੈ ਜਾਂ ਦੱਖਣ ਵਲ। ਖੈਰ ਇਹ ਗਲ ਅਸਾਂ ਅਜੇ ਅਜਮਾਈ ਨਹੀ।)

◉ ਸਾਡੇ ਵਿਦਵਾਨ ਨਾਕਾਮਯਾਬ ਨੇ ਇਹ ਦੱਸਣ ਵਿਚ ਕਿ ਇਹ ਕਿਓ ਹੁੰਦਾ ਹੈ ਕਿ ਕਦੀ ਪੰਛੀਆਂ ਦੀਆਂ ਡਾਰਾਂ ਦੀਆਂ ਡਾਰਾਂ ਇਕੱਠੀਆਂ ਹੀ ਅਸਮਾਨ ਵਿਚ ਦਮ ਤੋੜ ਦਿੰਦੀਆਂ ਹਨ ਤੇ ਪਟਾਕ ਪਟਾਕ ਆ ਜਮੀਨ ਤੇ ਡਿੱਗਦੀਆਂ ਹਨ।

◉ **ਪਲੈਸੀਬੋ ਅਸਰ**- ਕਈ ਵਾਰ ਜਦੋਂ ਡਾਕਟਰ ਨੂੰ ਰੋਗ ਨਾਂ ਲੱਭਾ ਹੋਵੇ ਤਾਂ ਉਹ ਮਰੀਜ ਨੂੰ ਦਵਾਈ ਥਾਂ ਕੋਈ ਮਿੱਠੀ ਗੋਲੀ ਹੀ ਦੇ ਦਿੰਦੇ ਹਨ। ਡਾਕਟਰ ਹੈਰਾਨ ਹੈ ਕਈ ਵੇਰਾਂ ਸਾਦੇ ਚੂਰਨ ਜਾਂ ਮਿੱਠੀ ਗੋਲੀ ਨਾਲ ਹੀ ਮਰੀਜ ਠੀਕ ਹੋ ਜਾਂਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਕਈ ਵੇਰੀ ਮਰੀਜ ਨੂੰ ਦੱਸ ਵੀ ਦਿਤਾ ਜਾਂਦਾ ਹੈ ਕਿ ਇਹ ਗੋਲੀ ਉਂਜ ਹੀ ਦਿੱਤੀ ਜਾ ਰਹੀ ਹੈ ਫਿਰ ਵੀ ਮਰੀਜ ਠੀਕ ਹੋ ਜਾਂਦਾ ਹੈ। ਡਾਕਟਰੀ ਭਾਸ਼ਾ ਵਿਚ ਇਹਨੂੰ ਪਲੈਸੀਬੋ ਇਫ਼ੈਕਟ ਕਿਹਾ ਜਾਂਦਾ ਹੈ।

◉ ਚਲੋ ਓਹ ਤਾਂ ਛੱਡੋ ਜੇ ਜਲ ਦੀ ਮੱਛਲੀ ਅਸਮਾਨੀ ਚੜ ਜਾਵੇ ਤਾਂ ਉਹਦਾ ਸਾਡੇ ਕੋਲ ਕੀ ਜਵਾਬ ਹੈ? ਭਾਵ ਜੇ ਮੱਛੀਆਂ ਦਾ ਮੀਂਹ ਹੀ ਵਰ ਪਵੇ ਤਾਂ। ਪਰ ਕਦੀ ਮੱਛੀਆਂ ਦੇ ਤੇ ਕਦੀ ਡੱਡੀਆਂ ਦੇ ਅਕਸਰ ਮੀਂਹ ਵਰਦੇ ਹੀ ਰਹਿੰਦੇ ਹਨ। ਪਿੱਛੇ ਜਿਹੇ ਮੁੰਬਈ ਦੇ ਨਾਸਤਕਾਂ ਵਾਸਤੇ ਵੱਡੀ ਮੁਸੀਬਤ ਆ ਪਈ ਜਦੋਂ ਇਥੇ ਵੀ ਮੱਛੀਆਂ ਦਾ ਮੀਂਹ ਵਰਿਆ ਤੇ ਕਿਸੇ ਨੇ ਵੀਡੀਓ ਬਣਾ ਯੂਟਿਊਬ ਤੇ ਪਾ ਦਿੱਤੀ।

◉ ਇਤਹਾਸ ਵਿਚ ਦਰਜ ਹੈ ਕਿ ਕਿਵੇ 1794 ਵਿਚ ਫਰਾਂਸੀਸੀ ਸਿਪਾਹੀਆਂ ਨੇ ਦੁਹਾਈ ਦੇ ਦਿੱਤੀ ਜਦੋਂ ਉਨਾਂ ਸਾਹਮਣੇ ਡੱਡੀਆਂ (ਟੋਡਜ਼)ਦਾ ਮੀਹ ਵਰਿਆ ਸੀ। ਅਤੇ 1680 ਵਿਚ ਸੱਪਾਂ ਦਾ ਮੀਹ ਵਰਨ ਕਰਕੇ ਲੋਕ ਘਬਰਾ ਉਠੇ ਸਨ।

◉ ਰੋਮਾਨੀਆ ਵਿਚ ਪੱਥਰਾਂ ਦਾ ਮੀਂਹ

www.facebook.com/yaddibadunger/videos/320535825508463/

◉ **ਜਾਨਵਰਾਂ ਦੀ ਹਿੱਜਰਤ** - ਚਾਹੇ ਇਹ ਪੰਛੀ ਹੋਣ, ਹਾਥੀ ਹੋਣ, ਨੀਲ ਗਾਵਾਂ ਹੋਣ, ਜਾਂ ਸਮੁੰਦਰ ਦੀਆਂ




ਮੱਛੀਆਂ ਹੀ ਹੋਣ, ਇਹ ਸਾਲ ਇਕ ਇਲਾਕੇ ਤੋਂ ਦੂਰ ਦੁਰਾਡੇ ਇਲਾਕੇ ਵਿਚ ਹਜ਼ਾਰਾਂ ਮੀਲਾਂ ਦਾ ਸਫਰ ਕਰਕੇ ਹਰ ਸਾਲ ਪਹੁੰਚਦੇ ਨੇ। ਉਨਾਂ ਨੂੰ ਰਾਹ ਕੌਣ ਦੱਸਦਾ ਹੈ, ਕੌਣ ਦੱਸਦੈ ਕਿ ਫਲਾਣੀ ਥਾਂ ਤੇ ਖੁਰਾਕ ਹੈ ਜਿਥੇ ਜਾਣਾ ਵਾ? ਅਮਰੀਕਾ ਦੀ ਮੋਨਾਰਕ ਤਿਤਲੀ ਦਾ ਜੀਵਨ ਸਾਰਾ 6 ਮਹੀਨੇ ਦਾ ਹੁੰਦਾ ਹੈ। ਪਰ ਉਹ ਹਜਾਰਾਂ ਮੀਲ ਦੇ ਸਫਰ ਤੇ ਨਿਕਲਦੀ ਹੈ। ਉਹਦੇ ਬੱਚਿਆਂ ਨੂੰ ਕੌਣ ਦੱਸਦੇ ਕਿ ਫਲਾਣੀ ਥਾਂ ਜਾਣਾ ਹੈ?

⊙ ਅਕਸਰ ਲੱਖਾਂ ਮੱਛੀਆਂ ਦੀਆਂ ਡਾਰਾਂ ਜਾਂ ਪੰਛੀ ਇਕੱਠੇ ਉਡਦੇ ਹਨ ਬਿਨਾਂ ਇਕ ਦੂਸਰੇ ਨਾਲ ਟਕਰਾਏ। ਬੜੀ ਖੂਬਸੂਰਤੀ ਨਾਲ ਕਦੀ ਖੱਬੇ ਮੁੜਦੇ ਹਨ ਕਦੀ ਸੱਜੇ।

⊙ **ਪਰੀਆਂ ਦੇ ਚੱਕਰ**- ਅਫਰੀਕਨ ਮੁਲਕ ਨਮੀਬੀਆਂ ਦੇ ਘਾਹ ਦੇ ਮੈਦਾਨਾਂ ਵਿਚ ਚਕੋਰ ਸ਼ਕਲਾਂ ਬਣਦੀਆਂ ਹਨ। ਇਹਨਾਂ ਦਾ ਵਿਆਸ ਤਾਂ ਕਦੀ 15 ਮੀਟਰ ਤੋਂ ਵੱਡਾ ਵੀ ਵੇਖਿਆ ਜਾਂਦਾ ਹੈ। ਇਹ ਇਕ ਦਮ ਸਟੀਕ ਚੱਕਰ ਕੌਣ ਬਣਾਉਦਾ ਹੈ?

⊙ **ਤੁਰਦੇ ਪੱਥਰ** - ਸਇੰਸਦਾਨਾਂ ਨੇ ਕਈ ਥਾਂਈ ਪੱਥਰਾਂ ਨੂੰ ਇਕ ਥਾਂ ਤੋਂ ਦੂਸਰੀ ਥਾਂ ਪਹੁੰਚੇ ਵੇਖਿਆ ਹੈ। ਇਹ ਸਿੱਧੀ ਰੇਖਾ ਵਿਚ ਚਲਦੇ ਹਨ। ਕਦੀ ਕਦੀ ਮੋੜ ਵੀ ਕੱਟਦੇ ਹਨ। ਕਦੀ ਪੱਥਰ ਆਪਣਾ ਖੁੱਦ ਦਾ ਪਾਸਾ ਵੀ ਬਦਲ ਲੈਂਦੇ ਹਨ?



ਓਕਵਿਲੇ ਇਲਾਕੇ ਵਿਚ ਵੇਖੇ ਗਏ ਜਿਲਬ ਦੇ ਵੱਡੇ ਵੱਡੇ

⊙ **ਵੇਲ ਖੁੱਦਕਸ਼ੀ–** ਕਦੀ ਵੇਲ ਮਛੀਆਂ ਸੈਕੜੇ ਦੀ ਗਿਣਤੀ ਵਿਚ ਸਮੁੰਦਰ ਤੋਂ ਬਾਹਰ ਆ ਜਾਂਦੀਆਂ ਹਨ ਤੇ ਮਰ ਮੁੱਕ ਜਾਂਦੀਆਂ ਨੇ। ਇਹ ਕਿਉ?

⊙ **ਓਕਵਿਲੇ ਜਿਲਬ ਦੇ ਗੋਲੇ**- ਅਮਰੀਕਾ ਦੇ ਓਕਵਿਲੇ ਇਲਾਕੇ ਵਿਚ 7 ਅਗੱਸਤ 1994 ਦੇ ਤੂਫਾਨ ਮੌਕੇ ਜੈਲੀ ਵਰਗੇ ਜਿਲਬ ਦੇ ਗੋਲੇ ਡਿੱਗੇ। ਮਲਾਹਜਾ ਕਰਨ ਤੇ ਪਤਾ ਲੱਗਾ ਕਿ ਇਨਾਂ ਵਿਚ ਮਨੁੱਖੀ ਸੈਲ (ਕੋਸ਼ਕਾਵਾਂ) ਵੀ ਸਨ। ਕਿਸੇ ਕੋਲੋ ਕੋਈ ਜਵਾਬ ਨਹੀ ਕਿ ਇਹ ਕੀ ਸੀ? ਇਹਨਾਂ ਦੇ ਸੰਪਰਕ ਵਿਚ ਜੋ ਵੀ ਆਇਆ ਬੀਮਾਰ ਹੋਇਆ ਜਾਂ ਮਾਰਿਆ ਗਿਆ ਖਾਸ ਕਰਕੇ ਕੁੱਤੇ ਬਿੱਲੀਆਂ ਅਤੇ ਇਨਸਾਨ।

⊙ **ਸਕੋਤਰਾ ਟਾਪੂ**- ਯਮਨ ਦੇ ਲਾਗੇ ਸਮੁੰਦਰ ਵਿਚ ਸਕੋਤਰਾ ਨਾਂ ਦੇ ਟਾਪੂ ਤੇ ਜੇ ਤੁਸੀ ਜਾਓ ਤਾਂ ਮਹਿਸੂਸ ਕਰੋਗੇ ਕਿ ਕਿਸੇ ਦੂਸਰੀ ਹੀ ਧਰਤੀ ਤੇ ਆ ਗਏ ਹਨ। ਓਥੇ ਰੁੱਖ ਬੂਟੇ ਵੱਖਰੀ ਹੀ ਕਿਸਮ ਦੇ ਹਨ। ਸਇੰਸਦਾਨ ਕਹਿੰਦੇ ਹਨ ਕਿ ਇਥੇ ਕੋਈ 800 ਵੱਖਰੀਆਂ ਹੀ ਪਰਜਾਤੀਆਂ ਹਨ।

⊙ **ਇੰਗਲੈਂਡ ਦਾ ਸਟੋਨਹੈਂਜ਼** - ਅੱਜ ਤੋਂ ਕੋਈ 5000 ਸਾਲ ਪਹਿਲਾਂ ਕਿਸੇ ਨੇ ਵੱਡੀਆਂ ਵੱਡੀਆਂ ਚੱਟਾਨਾਂ ਨੂੰ ਚਕੋਰ ਸ਼ਕਲ ਵਿਚ ਖੜਾ ਕਰ ਦਿਤਾ। ਪੱਥਰ ਏਨੇ ਵੱਡੇ ਹਨ ਕਿ ਤੁਹਾਡਾ ਦਿਮਾਗ ਚਕਰਾਅ ਜਾਂਦਾ ਹੈ ਜਦੋਂ ਸੋਚੋ ਕਿ ਇਹ ਪੱਥਰ ਕਿਵੇ ਇਥੇ ਲਿਆਂਦੇ ਤੇ ਖੜੇ ਕੀਤੇ। ਵੱਡਾ ਪੱਥਰ ਕੋਈ 30 ਫੁਟ ਉਚਾ ਤੇ ਵਜਨ ਕੋਈ 25 ਟੰਨ। ਇਨਾਂ ਨੂੰ ਕਿਸ ਨੇ ਕਿਵੇ ਢੋਇਆ?




ਮੱਛੀਆਂ ਦਾ ਮੀਂਹ। ਤੁਸੀ ਕਹੋਗੇ ਨਹੀ ਜੀ ਇਹ ਟਰੱਕ ਤੋਂ ਡਿੱਗ ਪਈਆਂ ਨੇ। ਪਰ ਕਾਮਰੇਡ ਭਾ ਜੀ ਨੋਟ ਕਰਨਾਂ ਇਹ ਮੁਰਦਾ ਮੱਛੀਆਂ ਨਹੀ। ਮੁਰਦਾ ਕੋਈ ਪੁੱਠੀ ਪਈ ਹੁੰਦੀ ਹੈ ਕੋਈ ਸਿੱਧੀ। ਜੇ ਫਿਰ ਵੀ ਨਹੀ ਭਰੋਸਾ ਤਾਂ ਯੂਟਿਊਬ ਤੋਂ ਕੋਈ ਲਾਈਵ ਵੀਡੀਓ ਵੇਖ ਲਓ।

⊙ **ਪਰਵਾਰ ਜਾਣਾ–** ਕਦੀ ਜਦੋਂ ਕੋਈ ਮਰ ਕੇ ਜਾਂ ਮੌਤ ਦੇ ਮੂੰਹ ਤੋਂ ਨਿਕਲ ਕੇ ਆਉਦਾ ਹੈ ਤਾਂ ਉਹ ਦੱਸਦਾ ਹੈ ਕਿ ਉਸ ਨੇ ਮੌਤ ਉਪਰੰਤ ਕੀ ਵੇਖਿਆ। ਕਈ ਵਾਰੀ ਵਿਛੜ ਚੁੱਕੀਆਂ ਰੂਹਾਂ ਨਾਲ ਵੀ ਮਿਲਾਪ ਦੀ ਗਲ ਕਰਦਾ ਹੈ। ⊙ ਫੁਰਨਾ ਫੁਰਨਾ (ਨਿਟੁਟਟੋਨਿ)- ਕੀ ਤੁਹਾਨੂੰ ਆਉਣ ਵਾਲੀ ਘਟਨਾ ਦਾ ਪਹਿਲਾਂ ਹੀ ਕਦੀ ਅਭਾਸ ਹੋਇਆ ਹੈ? ਇਹ ਹਰ ਸੋਚਵਾਨ ਬੰਦੇ ਨਾਲ ਹੁੰਦਾ ਰਹਿੰਦਾ ਹੈ। ਹਾਂ ਇਹ ਸੱਚ ਹੈ ਕਿ ਕਈ ਵੇਰੀ ਮੰਨ ਐਵੇ ਹੀ ਡਰੀ ਜਾਊ ਪਰ ਕਦੀ ਫੁਰਨਾ ਸੱਚਾ ਵੀ ਨਿਕਲ ਆਉਦਾ ਹੈ? ਇਹ ਕਿਵੇ?

⊙ **ਅਸਮਾਨੀ ਤਵੇ** ( UFO) - ਹੁਣ ਤਕ ਅਨੇਕਾਂ ਥਾਵਾਂ ਤੇ ਅਸਮਾਨੀ ਤਵੇ ਤਸ਼ਤਰੀਆਂ ਵੇਖੇ ਗਏ ਨੇ। ਕਈ ਵਾਰੀ ਤਾਂ ਉਹ ਵਹਿਮ ਜਾਂ ਭੁਲੇਖੇ ਦੇ ਮਸਲੇ ਨਿਕਲੇ ਨੇ ਪਰ ਕਈ ਥਾਵਾਂ ਤੇ ਸਇੰਸਦਾਨਾਂ ਨੇ ਉਹਨਾਂ ਨੂੰ ਸੱਚ ਮੰਨਿਆ ਹੈ।

⊙ **ਲੋਕਾਂ ਦਾ ਗਵਾਚਣਾਂ**- ਬੱਚਿਆਂ ਜਾਂ ਲੋਕਾਂ ਦੇ ਅਲੋਪ ਹੋਣ ਜਾਂ ਗਵਾਂਚਣ ਦੇ ਕੇਸ ਅਕਸਰ ਅਖਬਾਰਾਂ ਵਿਚ ਆਉਦੇ ਰਹਿੰਦੇ ਹਨ। ਬਹੁਤੀ ਵਾਰੀ ਤਾਂ ਪੁਲਿਸ ਇਹ ਕੇਸ ਹੱਲ ਕਰ ਲੈਂਦੀ ਹੈ। ਪਰ ਕਈ ਵਾਰੀ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਬੰਦੇ ਦਾ ਅਤਾ ਪਤਾ ਨਹੀ ਲੱਗ ਪਾਉਦਾ। ਬੰਦਾ ਵੀ ਝੱਟ ਹੀ ਗਾਇਬ ਹੋਇਆ ਹੁੰਦਾ ਹੈ। ਭਾਰਤ ਦੀ ਗਲ ਛੱਡੋ ਜਿਥੇ ਪੁਲਿਸ ਦੀ ਕਾਰਗੁਜਾਰੀ ਵਧੀਆ ਨਹੀ, ਇਹੋ ਜਿਹੇ ਕੇਸ ਪੱਛਮ ਵਿਚ ਵੀ ਹੁੰਦੇ ਹੀ ਰਹਿੰਦੇ ਹਨ। ਉਹ ਲੋਕ ਕਿਥੇ ਗਾਇਬ ਹੋ ਜਾਂਦੇ ਹਨ?

⊙ **ਪਿਛਲਾ ਜਨਮ ਯਾਦ ਹੋਣਾ–**ਕਈ ਵੇਰਾਂ ਇਨਸਾਨ ਆਪਣੇ ਪੁਰਾਣੇ ਜਨਮ ਦੇ ਸਥਾਨ ਅਤੇ ਰਿਸਤੇਦਾਰਾਂ ਨੂੰ ਵੀ ਪਛਾਣ ਲੈਂਦੇ ਹਨ। ਇਹ ਕਿਵੇ?

⊙ ਆਹ ਵੀਡੀਓ ਵੇਖਣਾ ਅਤੇ ਸੁਣਨਾ:

⊙ https://www.youtube.com/watch?v=2LoMbJcfzXE

⊙ 10 ਘੰਟੇ ਪਹਿਲਾਂ ਮਰ ਚੁੱਕੀ ਡਰਾਈਵਰ ਦੀ ਕਾਰ 'ਚੋਂ ਅਵਾਜ ਆਉਦੀ ਹੈ, "ਬਚਾਓ! ਮੈਨੂੰ ਬਚਾ ਲਓ!!" (ਗਵਾਹ ਅਤੇ ਬਚਾਅ ਵਾਲੀ ਅਵਾਜ ਰਿਕਾਰਡ ਤੇ ਹੈ।)



ਨੌਂ ਬਰ ਨੌਂ ਸ਼ੈਰਨ। ਜਿੰਨੂ ਡਾਕਟਰਾਂ ਜਵਾਬ ਦੇ ਦਿੱਤਾ ਸੀ।

⊙ **ਸ਼ੈਰਨ ਮਕੱਏ** ਨਾਂ ਦੀ ਜਨਾਨੀ ਦਾ ਕੈਂਸਰ ਦਾ ਇਲਾਜ ਚਲ ਰਿਹਾ ਸੀ। ਪਰ ਇਕ ਦਿਨ ਡਾਕਟਰਾਂ ਨੇ ਉਹਦੇ ਰਿਸ਼ਤੇਦਾਰਾਂ ਨੂੰ ਜਵਾਬ ਦੇ ਦਿਤਾ ਕਿ ਕੈਂਸਰ ਹਰ ਅੰਗ ਖਾਸ ਕਰਕੇ ਗੁਰਦਿਆਂ ਤਕ ਫੈਲ ਚੁੱਕੀ ਹੈ ਇਹਦਾ ਹੁਣ ਕੋਈ ਇਲਾਜ ਨਹੀ। ਉਨਾਂ ਕਿਹਾ ਕਿ ਹਰ ਦੋ-ਤਿੰਨ ਦਿਨ ਬਾਦ ਇਨੂੰ ਹਸਪਤਾਲ ਲੈ ਆਇਆ ਕਰੋ ਤਾਂ ਕਿ ਇਹਨੂੰ ਦਰਦ ਆਦਿ ਦੀ ਦਵਾਈ ਲੋੜ ਅਨੁਸਾਰ ਦਿੱਤੀ ਜਾ ਸਕੇ।

ਹਫਤੇ ਬਾਦ ਜਦੋਂ ਉਹ ਦੁਬਾਰਾ ਹਸਪਤਾਲ ਜਾਂਦੀ ਹੈ ਤਾਂ ਚੈੱਕ ਅਪ ਬਾਦ ਪਤਾ ਲਗਦਾ ਹੈ ਕਿ ਮਰੀਜ ਦਾ ਤਾਂ ਸਭ ਕੁਝ ਬਿਲਕੁਲ ਨਾਰਮਲ ਹੈ। ਡਾਕਟਰਾਂ ਅਤੇ ਨਰਸਾਂ ਦੀ ਕਲਾਸ ਲਗਦੀ ਹੈ ਕਿ ਤੁਸੀ ਕਿਸੇ ਦੂਸਰੇ ਮਰੀਜ ਦੀਆਂ ਰਿਪੋਰਟਾਂ ਦੇ ਅਧਾਰ ਤੇ ਇਨੂੰ ਲਾਇਲਾਜ ਕੈਂਸਰ ਮਰੀਜ ਬਣਾ ਦਿੱਤਾ? ਸਾਰਾ ਰਿਕਾਰਡ ਚੈੱਕ ਕੀਤਾ ਜਾਂਦਾ ਹੈ। ਐਕਸਰੇਅ ਤੋਂ ਭਾਵ ਹੱਡੀਆਂ ਆਦਿ ਤੋਂ ਪਤਾ ਲਗ ਜਾਂਦਾ ਹੈ ਕਿ ਰਿਪੋਟਾਂ ਤਾਂ ਸ਼ਰਨ ਦੀਆਂ ਹੀ ਸਨ। ਪਰ ਕੋਈ ਚਮਤਕਾਰ ਹੋ ਚੁੱਕਾ ਸੀ। ਸ਼ੈਰਨ ਅੱਜ ਵੀ ਜੀਦੀਂ ਜਾਗਦੀ ਹੈ।

⊙ **ਰੂਬੀ ਕੈਸੀਮੀਰੋ** -ਡਾਕਟਰਾਂ ਦੀ ਲੱਖ ਕੋਸ਼ਿਸ਼ ਦੇ ਬਾਵਜੂਦ ਡਲਿਵਰੀ ਮੌਕੇ ਰੂਬੀ ਰੱਬ ਨੂੰ ਪਿਆਰੀ ਹੋ ਗਈ। ਬੱਚਾ ਤਾਂ ਬੱਚ ਗਇਆ। ਕਰੀਬ ਘੰਟੇ ਕੁ ਬਾਦ ਵਾਰਸਾਂ ਨੇ ਵੇਖਿਆ ਕਿ ਲਾਸ਼ ਵਿਚ ਹਿਲ ਜੁੱਲ ਹੈ। ਡਾਕਟਰਾਂ ਚੈੱਕ ਕੀਤਾ। ਰੂਬੀ ਤਾਂ ਜਿੰਦਾ ਸੀ।

ਪਰ ਡਾਕਟਰਾਂ ਦਾ ਕਹਿਣਾ ਸੀ ਕਿ ਕਦੀ ਕਦਾਈ ਅਜਿਹਾ ਹੋ ਜਾਂਦਾ ਹੈ ਕਿ ਮਰੀਜ ਦਾ ਦਿੱਲ ਦੁਬਾਰਾ ਚੱਲ ਪੈਂਦਾ ਹੈ ਪਰ ਫਾਇਦਾ ਕੋਈ ਨਹੀ ਹੁੰਦਾ ਕਿਉਕਿ ਸੁਰਜੀਤ ਹੋਇਆ ਇਨਸਾਨ ਦੁਬਾਰਾ ਨਾਰਮਲ ਜਿੰਦਗੀ ਨਹੀ ਜੀਂਦਾ। ਕਿਉਕਿ ਦਿਮਾਗ ਨੂੰ ਜੇ ਕੁਝ ਕੁ ਮਿੰਟ ਖੂਨ ਦੀ ਸਪਲਾਈ




ਨਾਂ ਮਿਲੇ ਤਾਂ ਉਹਦੇ ਬਹੁਤੇ ਟਿੱਸ਼ੂ ਮਰ ਜਾਂਦੇ ਨੇ।

ਪਰ ਰੂਬੀ ਤਾਂ ਪੂਰੀ ਤਰਾਂ ਨੌ ਬਰ ਨੌ ਜ਼ਿੰਦਗੀ ਜੀ ਰਹੀ ਹੈ। ਇਹ ਕਿਵੇ?

◉ ਹਸਪਤਾਲਾਂ ਦੇ ਮੁਰਦਾਘਰਾਂ ਵਿਚ ਪਿਆ ਬੰਦਾ ਸਾਹ ਲੈਣਾ ਸ਼ੁਰੂ ਕਰ ਦਿੰਦਾ ਹੈ। ਅਜਿਹੇ ਕੇਸ ਤਾਂ ਭਾਰਤ ਵਿਚ ਆਮ ਹੀ ਹੁੰਦੇ ਰਹਿੰਦੇ ਹਨ।

◉ **ਗ੍ਰੇਸਨ ਕਰਬੀ**- ਮਸ਼ਹੂਰ ਤੇਜ ਕਾਰ ਰੇਸਰ ਦਾ ਅਜਿਹਾ ਐਕਸੀਡੈਂਟ ਹੋਇਆ ਕਿ ਕਾਰ ਵੀ ਸਾਫ ਅਤੇ ਗ੍ਰੇਸਨ ਦੀਆਂ 50% ਹੱਡੀਆਂ ਟੁੱਟ ਗਈਆਂ। ਫੇਫੜੇ ਵੀ ਪੈਂਚਰ ਹੋ ਗਏ। ਬੜੀ ਜੱਦੋਜਹਿਦ ਉਪਰੰਤ ਉਨੂੰ ਕਾਰ ਦੇ ਕਬਾੜ ਵਿਚੋਂ ਕੱਢਿਆ। ਉਹਦਾ ਸਾਹ ਚਲ ਰਿਹਾ ਸੀ। ਪਰ ਮੌਕੇ ਤੇ ਹਾਜਰ ਡਾਕਟਰਾਂ ਨੂੰ ਜਿਆਦਾ ਉਮੀਦ ਨਹੀ ਸੀ। ਉਹ ਹਸਪਤਾਲ ਤਕ ਨਾਂ ਪਹੁੰਚ ਪਾਇਆ। ਜਿਵੇ ਡਾਕਟਰੀ ਦਾ ਅਸੂਲ ਹੈ ਕਿ ਤੁਰੰਤ ਹੋਈ ਮੌਤ ਤੇ ਡਾਕਟਰ ਨਕਲੀ ਸਾਹ ਦਿੰਦੇ ਹਨ ਜਿਸ ਨਾਲ ਗ੍ਰੇਸਨ ਦਾ ਸਾਹ ਚਲ ਪਿਆ। ਉਨਾਂ ਵੈਂਟੀਲੇਟਰ ਤੇ ਪਾ ਦਿੱਤਾ। ਡਾਕਟਰਾਂ ਨੂੰ ਪਤਾ ਸੀ ਕਿ ਜੇ ਬੱਚ ਵੀ ਗਇਆ ਤਾਂ ਮਾਤ੍ਰ ਸਾਹ ਲੈਂਦੀ ਲਾਸ਼ ਹੀ ਹੋਵੇਗੀ। ਸਾਲ ਭਰ ਗ੍ਰੇਸਨ ਹਸਪਤਾਲ ਰਿਹਾ। ਦੁਨੀਆ ਹੈਰਾਨ ਹੈ ਅੱਜ ਉਹ ਫਿਰ ਟ੍ਰੈਕ ਤੇ ਹੈ। ਡਾਕਟਰ ਕਹਿੰਦੇ ਅਜਿਹੇ ਰੇਸਰ (ਦੌੜਾਕਾਂ) ਵਿਚ ਜੀਣ ਦੀ ਤਾਕਤ ਬਹੁਤ ਹੁੰਦੀ ਹੈ। ਇਹ ਇਨਸਾਨੀ ਹੌਸਲੇ ਕਰਕੇ ਹੈ।



ਦੇਸ ਬਰਾਜੀਲ। ਇੰਗਾ ਦਰਿਆ ਦਾ ਕੰਢਾ। ਅਗਲਿਆਂ ਪਹਿਲਾਂ 46 ਮੀਟਰ ਲੰਮੇ ਅਤੇ 4 ਮੀਟਰ ਪਹਾੜ ਨੂੰ ਇਉ ਵੱਢ ਕੇ ਸਿੱਧਾ ਕੀਤਾ ਜਿਵੇ ਮੱਖਣ ਦੇ ਟੁਕੜੇ ਕਰ ਦਈਦੇ ਨੇ। ਫਿਰ ਉਸ ਤੇ ਕੁਝ ਤਰਾਸ਼ਿਆ ਜਿੰਨੂ ਅਜ ਤਕ ਵਿਦਵਾਨ ਸਮਝਣ ਦੀ ਕੋਸ਼ਿਸ਼ ਕਰ ਰਹੇ

ਸੋ ਇਹ ਕੁਝ ਉਦਾਹਰਣਾਂ ਦੇ ਕੇ ਅਸੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਇੰਸ ਅਧੂਰੀ ਹੈ। ਜਰੂਰੀ ਨਹੀ ਕਿ ਜਿਸ ਗਲ ਦਾ ਸਾਨੂੰ ਪਤਾ ਨਹੀ ਉਹ ਹੁੰਦੀ ਹੀ ਨਹੀ।

-----◈-----

ਪਰ ਜੇ ਇਹੋ ਚਮਤਕਾਰ ਬਾਬਾ ਕਰ ਦੇਵੇ ਤਾਂ ਓਦੋ ਅਸੀ ਮੁਨੱਕਰ ਹੋ ਜਾਂਦੇ? ਸਾਡੀ ਮੁਸ਼ਕਲ ਇਹ ਹੈ ਕਿ ਅਸੀ ਸਮਝਦੇ ਹਾਂ ਕਿ ਜੋ ਕੰਮ ਅਸੀ ਨਹੀ ਕਰ ਸਕਦੇ ਬਾਬਾ ਨਾਨਕ ਵੀ ਨਹੀ ਸੀ ਕਰ ਸਕਦਾ।

ਗੁਰੂ ਨਾਨਕ ਪਾਤਸ਼ਾਹ ਆਪ ਚਮਤਕਾਰ ਬਾਰੇ ਕੀ ਸੋਚਦਾ ਹੈ ਇਸ ਪੱਖ ਦੇ ਸਾਹਮਣੇ ਇਹ ਗੱਲਾਂ ਨਿਗੂਣੀਆਂ ਹੋ ਜਾਂਦੀਆਂ। ਆਓ ਇਧਰ ਪਰਤੀਏ:-

ਉਨਾਂ ਤਾਂ ਸਿਧਾਂਤ ਦੀ ਜੜ੍ਹ ਹੀ ਖੋਲ ਕੇ ਰੱਖੀ ਜਦੋਂ ਕਿਹਾ- "**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥**"

ਬਾਬੇ ਨਾਨਕ ਦਾ ਨਾਮ ਦਾ ਸਿਧਾਂਤ ਤਾਂ ਹੈ ਹੀ ਨਿਰਾ ਚਮਤਕਾਰ: "**ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥ ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥**"

ਬਾਬਾ ਤਾਂ ਸ੍ਰਿਸਟੀ ਰਚਨਾ ਵੀ ਇੱਕ ਝਟਕੇ ਨਾਲ ਹੋਣਾ ਮੰਨਦਾ ਹੈ "**ਜੋ ਕਿਛੁ ਪਾਇਆ ਸੁ ਏਕਾ ਵਾਰ ॥**" ਉਹ ਕਹਿੰਦਾ ਸ੍ਰਿਸਟੀ ਜਾਂ ਜੀਵਨ ਤਾਂ ਇੱਕ ਖੇਡ ਤਮਾਸ਼ਾ ਹੈ, ਨਾਟਕ ਹੈ, ਜਿਸ ਦੀ ਸਮਝ ਵਿਰਲੇ ਨੂੰ ਪੈਂਦੀ ਹੈ:- "**ਸਭੁ ਕਿਛੁ ਹਰਿ ਕਾ ਖੇਲੁ ਹੈ ਗੁਰਮੁਖਿ ਕਿਸੈ ਬੁਝਾਈ ॥**"

ਉਹ ਤਾਂ ਇਸ ਗਲ ਨੂੰ ਮੰਨਦਾ ਹੈ ਕਿ ਕਰਤਾ ਜਿੰਨੂੰ ਮਰਜੀ ਮਾਰ ਕੇ ਭਾਵੇ ਫਿਰ ਜਿਵਾ ਦੇ; "**ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥ ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥**"

ਗੁਰੂ ਦਾ ਮੰਨਣਾ ਹੈ ਕਿ ਰੱਬ ਦੇ ਪਿਆਰੇ ਭਾਵ ਭਗਤ ਓਹੋ ਤਾਕਤ ਰੱਖਦੇ ਹਨ ਜੋ ਰੱਬ ਦੀ ਹੈ:-

"**ਜਾ ਕੀ ਭਗਤਿ ਹੇਤੁ ਮੁਖਿ ਨਾਮੁ ॥ ਸੰਤ ਭਗਤ ਕੀ ਸੰਗਤਿ ਰਾਮੁ ॥ ਬੰਧਨ ਤੋਰੇ ਸਹਜਿ ਧਿਆਨੁ ॥**"

ਪਰ ਜੋ ਨਾਸਤਕ ਵੀਰਾਂ ਦੀ ਸੋਚ ਹੈ ਉਹ ਕੁਦਰਤੀ ਵਰਤਾਰਾ ਹੈ ਤੇ ਜੁੱਗਾਂ ਜੁੱਗਾਂ ਤੋਂ ਇਹ ਕੁਝ ਹੁੰਦਾ ਆਇਆ ਹੈ। ਕਦੀ ਸਾਕਤ ਦਾ ਬੋਲ ਬਾਲਾ ਹੋ ਜਾਂਦਾ ਹੈ ਤੇ ਕਦੀ ਉਹ ਹਾਰ ਜਾਂਦਾ ਹੈ। ਇਸ ਵਰਤਾਰੇ ਵਿਚ ਉਸਦੀ ਮੌਜੂਦਗੀ ਜਰੂਰੀ ਹੈ। ਨਾਟਕ ਜਾਂ ਫਿਲਮ ਵਿਚ ਹਰ ਪਾਤਰ ਦੀ ਆਪਣੀ ਅਹਿਮੀਅਤ ਹੈ। ਖਲਨਾਇਕ ਬਗੈਰ ਕੋਈ ਵੀ ਫਿਲਮ ਅਧੂਰੀ ਹੈ।

"**ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥**"

ਸਿੱਖ ਸਿਧਾਂਤ ਇਹ ਮੰਨਦਾ ਹੈ ਕਿ ਜਿਹੜਾ ਇਨਸਾਨ ਨਿਰੰਕਾਰ ਨਾਲ ਇੱਕ ਮਿਕ ਹੋ ਜਾਂਦਾ ਹੈ, ਜਿਹਦੇ ਮਿਤ੍ਰ ਸਤ੍ਰ੍ਰ ਸਮਾਨਿ ਹੋ ਜਾਣ, ਜਿਹਦਾ ਸੁਭਾਅ ਧਰਤੀ ਵਰਗਾ ਹੋ ਜਾਏ ਕਿ ਭਾਏ ਕੋਈ ਖੋਦੇ ਪੁੱਟੇ, ਜੋ ਪਾਣੀ ਵਰਗਾ ਨਿਰਮਲ ਹੋ ਜਾਏ ਤਾਂ ਕੁਦਰਤੀ ਕਰਤਾਰ ਦੀਆਂ ਸਾਰੀਆਂ ਸਿਫਤਾਂ ਉਸ ਵਿਚ ਪ੍ਰਗਟ ਹੋ ਜਾਂਦੀਆਂ ਹਨ। ਬ੍ਰਹਮ ਗਿਆਨੀ ਆਪਿ ਨਿਰੰਕਾਰੁ ਹੋ ਜਾਂਦਾ ਹੈ।

ਪੰਚਮ ਪਾਤਸ਼ਾਹ ਨੇ ਲਿਖਿਆ ਹੈ ਕਿ: "**ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥**"

ਸੋ ਗਲ ਤੇ ਇਥੇ ਹੀ ਮੁੱਕ ਜਾਂਦੀ ਹੈ। ਪਰ ਇਹ ਚੀਜ਼ਾਂ ਨਾਸਤਕ ਬੰਦੇ ਨੂੰ ਨਹੀ ਦਿਸਣਗੀਆਂ। ਜਿੰਨਾਂ ਚਿਰ ਇਨਸਾਨ ਇਹ ਸਾਰੇ ਵਰਤਾਰੇ ਨੂੰ ਨਹੀ ਸਮਝਦਾ ਸਾਰੀ ਸ੍ਰਿਸਟੀ ਉਸ ਨੂੰ ਨਾਸਤਕ ਨਜਰੀਏ ਵਾਲੀ ਹੀ ਦਿਸੇਗੀ। ਕਰਤੇ ਦੀ ਖੇਡ ਕੁਝ ਅਜਿਹੀ ਹੈ। ਨਾਸਤਕ ਬੰਦਾ ਆਪਣੀ ਥਾਂ ਸੱਚਾ ਸਾਬਤ ਹੋ ਜਾਏਗਾ ਕਿਉਕਿ ਸਿਧਾਂਤ ਹੈ। "ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥ ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥"

ਮੁੱਕਦੀ ਗਲ ਕਿ ਕੀ ਵਜਾ ਸੀ ਬਾਬਾ ਨਾਨਕ ਹਰ ਵਾਰੀ ਹਰ ਥਾਂ ਪੁੱਜ ਕੇ ਸੱਪਾਂ ਦੀ ਰੁੱਡ ਵਿਚ ਜਾ ਹੱਥ ਪਾਉਦਾ ਸੀ? ਉਹ ਕਿਹੜੀ ਤਾਕਤ ਸੀ ਜੋ ਉਨੂੰ ਬਚਾਉਦੀ ਸੀ? ਫਕੀਰਾਂ ਵਿਚ, ਕਦੀ ਵਜੀਰਾਂ ਵਿਚ। ਕਦੀ ਬਾਦਸ਼ਾਹ ਦੇ ਮੂੰਹ ਤੇ ਕਹਿ ਦਿੰਦਾ ਕਿ ਤੂੰ ਜ਼ੁਲਮ ਕਰ ਰਿਹਾ ਵਾਂ। ਕਦੀ ਠੱਗਾਂ ਦੇ ਘੇਰੇ ਵਿਚ, ਕਦੀ ਨਾਂਗੇ ਸਾਧਾਂ ਵਿਚ, ਕਦੀ ਜੋਗੀਆਂ ਵਿਚ, ਕਦੀ ਬਨਾਰਸ, ਕਦੀ ਹਰਦੁਆਰ, ਕਦੀ ਕੁਲਸ਼ੇਤਰ, ਕਦੀ ਜਗਨਾਥਪੁਰੀ, ਕਦੀ ਮੱਕੇ ਕਦੀ ਮਦੀਨੇ, ਉਹ ਬਰਫੀਲੇ ਪਰਬਤਾਂ ਦੀ ਪ੍ਰਵਾਹ ਨਹੀ ਕਰਦਾ ਤੇ ਨਾਂ ਹੀ ਮਾਰੂ ਥਲਾਂ ਦੀ। ਉਹ ਸਮੁੰਦਰੋਂ ਟੱਪ ਜਾਂਦਾ। ਨਦੀਆਂ ਉਨੂੰ ਰਾਹ ਦਿੰਦੀਆਂ। ਖਤਰਨਾਕ ਜਾਨਵਰਾਂ ਨਾਲ ਭਰੇ ਜੰਗਲ ਉਹਦਾ ਰਸਤਾ ਨਾਂ ਰੋਕਦੇ।

—▲—



**ਪੂੰਮਾ ਪੁੰਕੂ ਚਟਾਨਾਂ**–ਬੋਲੀਵੀਆ ਮੁਲਕ ਦੇ ਟੀਵਾਨਾਕੂ ਲਾਗੇ ਵੀ 1600 ਸਾਲ ਪੁਰਾਣਾ ਇਕ ਅਸਥਾਨ ਹੇ ਜਿਥੇ ਪੱਥਰਾਂ ਨੂੰ ਇਵੇ ਤਰਾਸ਼ਿਆ ਹੋਇਆ ਹੈ ਜਿਵੇ ਮੋਮ ਤਰਾਸ਼ੀਦੀ ਹੈ। ਇਥੇ ਕਈ ਪੱਥਰ ਤਾਂ 8 ਮੀਟਰ ਲੰਮੇ ਅਤੇ 5 ਮੀਟਰ ਤਕ ਚੌੜੇ ਵੀ ਹੈਨ। ਇਹਨਾਂ ਨੂੰ ਵੇਖ ਇੰਜੀਅਰ ਦੰਦਾਂ ਥੱਲੇ ਜਬਾਨ ਲੈ ਲੈਂਦੇ ਹਨ ਕਿ ਏਡੇ ਏਡੇ ਪੱਥਰ ਅਗਲਿਆਂ ਕਿਵੇ ਚੁੱਕੇ ਹੋਣਗੇ? ਉਹ ਕਿਹੜੀ ਸਇੰਸ ਸੀ ਜਿਸ ਨਾਲ ਪੱਥਰ ਨੂੰ ਇਵੇ ਤਰਾਸ਼ਿਆ ਜਾਂਦਾ ਸੀ।



**ਅਸੰਖ ਖਤੇ ਖਿਨ ਬਖਸਨਹਾਰਾ ॥**
**ਨਾਨਕ ਸਾਹਿਬ ਸਦਾ ਦਇਆਰਾ ॥**

ਸ਼ੁਰੂ 10-11-2016 ਸਮਾਪਤ 4-2-2020

ਭਬੀਸ਼ਨ ਸਿੰਘ ਗੁਰਾਇਆ - ਲੇਖਕ